ਕੈਨੇਡੀਅਨ
# ਪੰਜਾਬੀ ਪੋਸਟ

Award winning news paper | Canadian Punjabi Post

Vol 20*Issue 44 | Wednesday, March 03, 2021 | Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


## ਇਸ ਹਫਤੇ ਐਸਟ੍ਰਾਜ਼ੈਨੇਕਾ ਦੀ ਪਹਿਲੀ ਖੇਪ ਸਮੇਤ ਕੈਨੇਡਾ ਨੂੰ ਹਾਸਲ ਹੋਣਗੀਆਂ ਵੈਕਸੀਨ ਦੀਆਂ 945,000 ਡੋਜ਼ਾਂ : ਆਨੰਦ

ਓਟਵਾ, 2 ਮਾਰਚ (ਪੋਸਟ ਬਿਊਰੋ) : ਐਸਟ੍ਰਾਜ਼ੈਨੇਕਾ ਕੋਵਿਡ-19 ਵੈਕਸੀਨਜ਼ ਦੀ ਪਹਿਲੀ ਖੇਪ ਸਵੇਰ ਤੱਕ ਕੈਨੇਡਾ ਪਹੁੰਚ ਜਾਵੇਗੀ। ਇਸ ਦੇ ਨਾਲ ਹੀ ਇਸ ਹਫਤੇ ਕੁੱਲ ਮਿਲਾ ਕੇ ਵੈਕਸੀਨ ਦੀਆਂ 944,600 ਡੋਜ਼ਾਂ ਕੈਨੇਡਾ ਨੂੰ ਹਾਸਲ ਹੋਣਗੀਆਂ। ਇਹ ਜਾਣਕਾਰੀ ਪ੍ਰੋਕਿਓਰਮੈਂਟ ਮੰਤਰੀ ਅਨੀਤਾ ਆਨੰਦ ਨੇ ਮੰਗਲਵਾਰ ਨੂੰ ਦਿੱਤੀ।

ਕੈਨੇਡਾ ਨੂੰ ਦੋ ਮਿਲੀਅਨ ਡੋਜ਼ਾਂ ਦੇਣ ਦੀ ਹੋਈ ਡੀਲ ਦੇ ਹਿੱਸੇ ਵਜੋਂ ਭਾਰਤ ਦੇ ਸੀਰਮ ਇੰਸਟੀਚਿਊਟ ਤੇ ਵੈਰਿਟੀ ਫਾਰਮਾਸਿਊਟੀਕਲਜ਼ ਵੱਲੋਂ ਪਹਿਲੀ ਖੇਪ ਵਜੋਂ ਐਸਟ੍ਰਾਜ਼ੈਨੇਕਾ ਦੇ 500,000 ਸ਼ੌਟਸ ਕੈਨੇਡਾ ਘੱਲੇ ਜਾ ਰਹੇ ਹਨ। ਇਸ ਦੇ ਨਾਲ ਹੀ ਫਾਈਜ਼ਰ-ਬਾਇਓਐਨਟੈਕ ਵੈਕਸੀਨ ਦੀਆਂ 444,600 ਡੋਜ਼ਾਂ ਵੀ ਇਸ ਹਫਤੇ ਕੈਨੇਡਾ ਨੂੰ ਹਾਸਲ ਹੋਣਗੀਆਂ। ਆਨੰਦ ਨੇ ਆਖਿਆ ਕਿ ਇਸ ਹਫਤੇ ਅੰਦਾਜ਼ਨ ਹਾਸਲ ਹੋਣ ਵਾਲੀਆਂ 945,000 ਡੋਜ਼ਾਂ ਤੋਂ ਇਲਾਵਾ ਅਗਲੇ ਹਫਤੇ ਸਾਨੂੰ ਵੈਕਸੀਨ ਦੀਆਂ 900,000 ਡੋਜ਼ਾਂ ਹੋਰ ਹਾਸਲ ਹੋਣਗੀਆਂ।

ਫੈਡਰਲ ਸਰਕਾਰ ਨੇ ਆਖਿਆ ਕਿ




ਐਸਟ੍ਰਾਜ਼ੈਨੇਕਾ ਨੂੰ ਕੈਨੇਡਾ ਦੀਆਂ ਮਨਜ਼ੂਰਸ਼ੁਦਾ ਵੈਕਸੀਨਜ਼ ਦੀ ਸੂਚੀ ਵਿੱਚ ਸ਼ਾਮਲ ਕੀਤੇ ਜਾਣ ਨਾਲ ਵੈਕਸੀਨ ਦੀ ਖੇਪ ਦਿਨੋਂ ਦਿਨ ਵਧਦੀ ਹੀ ਜਾਣ ਵਾਲੀ ਹੈ। ਇਸ ਨਾਲ ਹੋਰ ਲੋਕਾਂ ਦਾ ਟੀਕਾਕਰਣ ਕਰਨ ਲਈ ਰਾਹ ਪੱਧਰਾ ਹੋ ਜਾਵੇਗਾ ਤੇ ਜੂਨ ਦੇ ਅੰਤ ਤੱਕ 14.5 ਮਿਲੀਅਨ ਕੈਨੇਡੀਅਨਾਂ ਨੂੰ ਪੂਰੀ ਤਰ੍ਹਾਂ ਵੈਕਸੀਨੇਟ ਕੀਤੇ ਜਾਣ ਦਾ ਟੀਚਾ ਪੂਰਾ ਕਰਨ ਵਿੱਚ ਵੀ ਮਦਦ ਮਿਲੇਗੀ।

ਇੰਟਰਗਵਰਮੈਂਟਲ ਅਫੇਅਰਜ਼ ਮੰਤਰੀ ਡੌਮੀਨਿਕ ਲੀਬਲਾਂਕ ਨੇ ਆਖਿਆ ਕਿ ਇਸ ਹਫਤੇ ਸਾਡੀ ਸਰਕਾਰ ਵੱਲੋਂ ਪ੍ਰੋਵਿੰਸਾਂ ਨੂੰ ਵੈਕਸੀਨਜ਼ ਦੀ ਡਲਿਵਰੀ ਦੇ ਕੰਮ ਵਿੱਚ ਵਾਧਾ ਕਰ ਦਿੱਤਾ ਜਾਵੇਗਾ, ਇਸ ਨਾਲ ਬਹੁਤੇ ਕੈਨੇਡੀਅਨਾਂ ਨੂੰ ਵੈਕਸੀਨ ਹਾਸਲ ਕਰਨ ਦਾ ਮੌਕਾ ਮਿਲੇਗਾ ਤੇ ਅਸੀਂ ਚਾਹੁੰਦੇ ਹਾਂ ਕਿ ਜਿਸ ਕਿਸੇ ਨੂੰ ਵੀ ਵੈਕਸੀਨ ਲਵਾਉਣ ਦੀ ਪੇਸ਼ਕਸ਼ ਕੀਤੀ ਜਾਵੇ ਉਹ ਉਸ ਨੂੰ ਸਵੀਕਾਰ ਲਵੇ।

## ਮਈ ਦੇ ਅੰਤ ਤੱਕ ਅਮੈਰੀਕਨ ਬਾਲਗਾਂ ਲਈ ਵਾਧੂ ਹੋਵੇਗੀ ਵੈਕਸੀਨ : ਬਾਇਡਨ

ਵਾਸ਼ਿੰਗਟਨ, 2 ਮਾਰਚ (ਪੋਸਟ ਬਿਊਰੋ) : ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਮੰਗਲਵਾਰ ਨੂੰ ਆਖਿਆ ਕਿ ਮਈ ਦੇ ਅੰਤ ਤੱਕ ਸਾਰੇ ਬਾਲਗਾਂ ਲਈ ਲੋੜੀਂਦੀ ਮਾਤਰਾ ਵਿੱਚ ਵਾਧੂ ਕਰੋਨ-ਾਵਾਇਰਸ ਵੈਕਸੀਨ ਹੋਵੇਗੀ। ਬਾਇਡਨ ਨੇ ਸਾਰੀਆਂ ਸਟੇਟਸ ਨੂੰ ਇਹ ਗੱਲ ਜ਼ੋਰ ਦੇ ਕੇ ਆਖੀ ਕਿ ਸਕੂਲਾਂ ਨੂੰ ਮੁੜ ਖੋਲ੍ਹਣ ਲਈ ਮਈ ਦੇ ਅੰਤ ਤੱਕ ਹਰ ਟੀਚਰ ਨੂੰ ਵੈਕਸੀਨ ਦਾ ਘੱਟੋ ਘੱਟ ਇੱਕ ਸ਼ੌਟ ਜ਼ਰੂਰ ਲਾਇਆ ਜਾਵੇ।



ਬਾਇਡਨ ਨੇ ਇਹ ਐਲਾਨ ਵੀ ਕੀਤਾ ਕਿ ਡਰੱਗ ਨਿਰਮਾਤਾ ਮਰਕ ਵੱਲੋਂ ਜੌਹਨਸਨ ਐਂਡ ਜੌਹਨਸਨ ਦੀ ਨਵੀਂ ਮਨਜ਼ੂਰ ਹੋਈ ਵੈਕਸੀਨ, ਜਿਸ ਦੀ ਸਿਰਫ ਇੱਕ ਡੋਜ਼ ਹੀ ਲੈਣੀ ਪੈਂਦੀ ਹੈ, ਨੂੰ ਤਿਆਰ ਕਰਨ ਵਿੱਚ ਮਦਦ ਕੀਤੀ ਜਾਵੇਗੀ। ਇੱਥੇ ਦੱਸਣਾ ਬਣਦਾ ਹੈ ਕਿ ਇਹ ਦੋਵੇਂ ਵਿਰੋਧੀ ਕੰਪਨੀਆਂ ਹਨ ਪਰ ਮਹਾਂਮਾਰੀ ਦੇ ਦੌਰ ਵਿੱਚ ਕੌਮੀ ਸਹਿਯੋਗ ਲਈ ਰਲ ਕੇ ਕੰਮ ਕੀਤਾ ਜਾਵੇਗਾ। ਬਾਇਡਨ ਨੇ ਆਖਿਆ ਕਿ ਹੁਣ ਅਸੀਂ ਮਈ ਤੱਕ ਹਰ ਬਾਲਗ ਦੇ ਟੀਕਾਕਰਣ ਦੇ ਮਿਥੇ ਟੀਚੇ ਨੂੰ ਪੂਰਾ ਕਰਨ ਲਈ ਸਹੀ ਰਾਹ ਉੱਤੇ ਹਾਂ। ...ਬਾਕੀ ਪੰਨਾ 2 'ਤੇ

## ਐਸਯੂਵੀ ਤੇ ਸੈਮੀ ਟਰੱਕ ਦਰਮਿਆਨ ਹੋਈ ਟੱਕਰ ਵਿੱਚ 13 ਹਲਾਕ, ਕਈ ਹੋਰ ਜ਼ਖ਼ਮੀ

ਕੈਲੇਫੋਰਨੀਆ, 2 ਮਾਰਚ (ਪੋਸਟ ਬਿਊਰੋ) : ਮੰਗਲਵਾਰ ਸਵੇਰੇ ਲੋਕਾਂ ਨਾਲ ਭਰੀ ਹੋਈ ਇੱਕ ਐਸਯੂਵੀ ਤੇ ਦੋ ਟਰੇਲਰ ਲੈ ਕੇ ਜਾ ਰਹੇ ਸੈਮੀਟਰੱਕ ਦਰਮਿਆਨ ਟੱਕਰ ਹੋ ਜਾਣ ਕਾਰਨ 13 ਵਿਅਕਤੀ ਮਾਰੇ ਗਏ ਜਦਕਿ ਕਈ ਹੋਰ ਜ਼ਖ਼ਮੀ ਹੋ ਗਏ। ਇਹ ਹਾਦਸਾ ਮੈਕਸਿਕੋ ਦੀ ਸਰਹੱਦ ਲਾਗੇ ਰੂਰਲ ਕੈਲੇਫੋਰਨੀਆ ਕਾਊਂਟੀ ਵਿੱਚ ਹੋਇਆ।

ਹਸਪਤਾਲ ਤੇ ਪੁਲਿਸ ਅਧਿਕਾਰੀਆਂ ਵੱਲੋਂ ਮਰਨ ਵਾਲਿਆਂ ਤੇ ਜ਼ਖ਼ਮੀਆਂ ਦੀ ਗਿਣਤੀ ਵੱਖ ਵੱਖ ਦੱਸੀ ਗਈ। ਕੈਲੇਫੋਰਨੀਆਂ ਹਾਈਵੇਅ ਪੈਟਰੋਲ ਬਾਰਡਰ ਡਵੀਜ਼ਨ ਚੀਫ ਓਮਰ ਵਾਟਸਨ ਨੇ ਦੱਸਿਆ ਕਿ ਹਾਦਸੇ ਸਮੇਂ ਫੋਰਡ ਐਕਸਪੇਡਿਸ਼ਨ (ਐਸਯੂਵੀ)ਵਿੱਚ 25 ਵਿਅਕਤੀ ਸਵਾਰ ਸਨ ਤੇ ਇਸ ਹਾਦਸੇ ਵਿੱਚ 22 ਸਾਲਾ ਡਰਾਈਵਰ ਸਮੇਤ 13 ਲੋਕਾਂ ਦੀ ਮੌਤ ਹੋ ਗਈ। ਆਮ ਤੌਰ ਉੱਤੇ ਫੋਰਡ ਐਕਸਪੇਡਿਸ਼ਨ ਵਿੱਚ ਅੱਠ ਵਿਅਕਤੀ ਆਰਾਮ ਨਾਲ ਬੈਠ ਸਕਦੇ ਹਨ।



ਵਾਟਸਨ ਨੇ ਦੱਸਿਆ ਕਿ ਕੁੱਝ ਲੋਕ ਤਾਂ ਐਸਯੂਵੀ ਵਿੱਚੋਂ ਬਾਹਰ ਡਿੱਗਣ ਕਾਰਨ ਮਾਰੇ ਗਏ ਤੇ ਕੁੱਝ ਗੱਡੀ ਦੇ ਅੰਦਰ ਹੀ ਮ੍ਰਿਤਕ ਪਾਏ ਗਏ। ਉਨ੍ਹਾਂ ਦੱਸਿਆ ਕਿ 12 ਵਿਅਕਤੀਆਂ ਦੀ ਤਾਂ ਹਾਦਸੇ ਵਾਲੀ ਥਾਂ ਉੱਤੇ ਹੀ ਮੌਤ ਹੋ ਗਈ ਜਦਕਿ ਇੱਕ ਵਿਅਕਤੀ ਨੇ ਹਸਪਤਾਲ ਜਾ ਕੇ ਦਮ ਤੋੜਿਆ। ਪੁਲਿਸ ਨੂੰ ਇਸ ਹਾਦਸੇ ਦੀ ਰਿਪੋਰਟ ਸਵੇਰੇ 6:15 ਵਜੇ ਮਿਲੀ। ਹਾਦਸੇ ਸਮੇਂ ਸੈਮੀਟਰੱਕ ਸਟੇਟ ਰੋਡ 115 ਉੱਤੇ ਉੱਤਰ ਵੱਲ ਜਾ ਰਿਹਾ ਸੀ ਤੇ ਐਕਸਪੇਡਿਸ਼ਨ ਨੌਰਿਸ ਰੋਡ ਉੱਤੇ ਪੱਛਮ ਵੱਲ ਜਾ ਰਹੀ ਸੀ। ਉਨ੍ਹਾਂ ਆਖਿਆ ਕਿ ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਐਕਸਪੇਡਿਸ਼ਨ ਸਟੌਪ ਵਾਲੇ ਸਾਈਨ ਉੱਤੇ ਰੁਕੀ ਸੀ ਜਾਂ ਨਹੀਂ ਪਰ ਐਸਯੂਵੀ ਲਾਂਘੇ ਅੰਦਰ ਦਾਖਲ ਕਰਕੇ ਸੈਮੀਟਰੱਕ ਦੇ ਸਾਹਮਣੇ ਆ ਗਈ ਜਿਸ ਕਾਰਨ ਹਾਦਸਾ ਵਾਪਰਿਆ।

ਐਸਯੂਵੀ ਵਿੱਚ ਸਵਾਰ ਲੋਕਾਂ ਦੀ ਉਮਰ 16 ਤੋਂ 55 ਸਾਲ ਤੱਕ ਸੀ। ਇਸ ਹਾਦਸੇ ਵਿੱਚ ਜ਼ਖ਼ਮੀ ਹੋਇਆ ਸੱਭ ਤੋਂ ਛੋਟਾ ਵਿਅਕਤੀ 20 ਸਾਲਾਂ ਦਾ ਹੈ। ਉਨ੍ਹਾਂ ਆਖਿਆ ਕਿ ਇਹ ਤਾਂ ਪਤਾ ਨਹੀਂ ਲੱਗ ਸਕਿਆ ਕਿ ਇਹ ਸਾਰੇ ਵਿਅਕਤੀ ਕਿੱਥੋਂ ਆ ਰਹੇ ਸਨ ਕਿਉਂਕਿ ਕਈਆਂ ਦੇ ਕੋਲ ਤਾਂ ਸ਼ਨਾਖ਼ਤ ਲਈ ਵੀ ਕੋਈ ਦਸਤਾਵੇਜ਼ ਨਹੀਂ ਸੀ। ਪਰ ਡਰਾਈਵਰ ਮੈਕਸਿਕੋ ਦੇ ਸ਼ਹਿਰ ਮੈਕਸੀਕਾਲੀ ਦਾ ਸੀ।

## ਓਨਟਾਰੀਓ ਦੀ ਮਹਿਲਾ ਨੂੰ ਹੋਟਲ ਵਿੱਚ ਕੁਆਰਨਟੀਨ ਹੋਣ ਲਈ ਇੱਕ ਰਾਤ ਪਿੱਛੇ ਚੁਕਾਉਣਾ ਪਿਆ 3458 ਡਾਲਰ ਦਾ ਬਿੱਲ

ਟੋਰਾਂਟੋ, 2 ਮਾਰਚ (ਪੋਸਟ ਬਿਊਰੋ) : ਆਪਣੇ ਪਿਤਾ ਦੀਆਂ ਅੰਤਿਮ ਰਸਮਾਂ ਵਿੱਚ ਹਿੱਸਾ ਲੈਣ ਲਈ ਵਿਦੇਸ਼ ਗਈ ਓਨਟਾਰੀਓ ਦੀ ਇੱਕ ਮਹਿਲਾ ਨੂੰ ਦੇਸ਼ ਪਰਤਣਾ ਕਾਫੀ ਮਹਿੰਗਾ ਪੈ ਗਿਆ। ਸਰਕਾਰ ਵੱਲੋਂ ਸ਼ੁਰੂ ਕੀਤੇ ਗਏ ਹੋਟਲ ਕੁਆਰਨਟੀਨ ਪਲੈਨ ਕਾਰਨ ਉਸ ਨੂੰ ਇੱਕ ਰਾਤ ਹੋਟਲ ਵਿੱਚ ਠਹਿਰਣ ਦਾ ਮੁੱਲ 3,458 ਡਾਲਰ ਤੱਕ ਚੁਕਾਉਣਾ ਪਿਆ।

ਕ੍ਰਿਸਟੀਨਾ ਟੇਕਸਜ਼ੇਰਾ, ਜੋ ਕਿ ਪਿਛਲੇ 32 ਸਾਲਾਂ ਤੋਂ ਓਨਟਾਰੀਓ ਸਰਕਾਰ ਲਈ ਸੀਨੀਅਰ ਬਿਜ਼ਨਸ ਐਨਾਲਿਸਟ ਵਜੋਂ ਕੰਮ ਕਰ ਰਹੀ ਹੈ, ਨੇ ਦੱਸਿਆ ਕਿ ਕੈਨੇਡਾ ਪਰਤਣਾ ਉਸ ਲਈ ਭੈੜੇ ਸੁਪਨੇ ਨੂੰ ਛੱਡ ਹੋਰ ਕੁੱਝ ਨਹੀਂ ਹੈ। ਉਸ ਨੇ ਆਖਿਆ ਕਿ ਉਨ੍ਹਾਂ ਦਾ ਪਰਿਵਾਰ ਇੱਕ ਵੱਖਰੇ ਤਣਾਅ ਵਿੱਚੋਂ ਲੰਘ ਰਿਹਾ ਹੈ। ਉਸ ਨੇ ਆਖਿਆ ਕਿ ਕੈਨੇਡੀਅਨ ਨਾਗਰਿਕ ਹੋਣ ਨਾਤੇ ਉਹ ਇਹ ਦੱਸ ਸਕਦੀ ਹੈ ਕਿ ਕਈ ਪੱਧਰ ਉੱਤੇ ਇਹ ਪ੍ਰੋਗਰਾਮ ਗਲਤ ਹੈ। ਇਸ ਤਰ੍ਹਾਂ ਦਾ ਤਜਰਬਾ ਉਸ ਨੂੰ ਜ਼ਿੰਦਗੀ ਵਿੱਚ ਕਦੇ



ਨਹੀਂ ਹੋਇਆ।

ਟੇਕਸਜ਼ੇਰਾ ਇੱਕ ਹਫਤਾ ਪੁਰਤਗਾਲ ਬਿਤਾਉਣ ਤੋਂ ਬਾਅਦ 27 ਫਰਵਰੀ ਨੂੰ ਆਪਣੇ ਭਰਾ ਤੇ ਧੀ ਨਾਲ ਕੈਨੇਡਾ ਪਰਤੀ। ਉਸ ਨੇ ਦੱਸਿਆ ਕਿ ਦੇਸ਼ ਤੋਂ ਬਾਹਰ ਰਹਿੰਦਿਆਂ ਹੋਟਲ ਕੁਆਰਨਟੀਨ ਪ੍ਰੋਗਰਾਮ ਬਾਰੇ ਜਾਨਣਾ ਬਹੁਤ ਮੁਸ਼ਕਲ ਹੈ। ਟੋਰਾਂਟੋ ਪਹੁੰਚਣ ਤੱਕ ਉਹ ਆਪਣੇ ਲਈ ਕਮਰਾ ਤੱਕ ਬੁੱਕ ਨਹੀਂ ਕਰਵਾ ਸਕੀ। ਟੇਕਸਜ਼ੇਰਾ ਨੇ ਟੋਰਾਂਟੋ ਦੇ ਅਧਿਕਾਰੀਆਂ ਨੂੰ ਇਹ ਪੁੱਛਿਆ ਕਿ ਕੀ ਉਸ ਦੇ ਪਰਿਵਾਰ ਨੂੰ ਰਹਿਮ ਦੇ ਆਧਾਰ ਉੱਤੇ ਹੋਟਲ ਪ੍ਰੋਗਰਾਮ ਤੋਂ ਛੋਟ ਮਿਲ ਸਕਦੀ ਹੈ ਤਾਂ ਉਸ ਨੂੰ ਇਨਕਾਰ ਕਰ ਦਿੱਤਾ ਗਿਆ। ਟੇਕਸਜ਼ੇਰਾ ਨੂੰ ਨੇੜਲੇ ਕ੍ਰਾਊਨ ਪਲਾਜ਼ਾ ਹੋਟਲ ਵਿੱਚ ਕਮਰਾ ਬੁੱਕ ਕਰਵਾਉਣ ਲਈ ਆਖਿਆ ਗਿਆ।

ਉਨ੍ਹਾਂ ਆਖਿਆ ਕਿ ਕ੍ਰਾਊਨ ਪਲਾਜ਼ਾ ਦੇ ਅਧਿਕਾਰੀਆਂ ਨੂੰ ਉਨ੍ਹਾਂ ਆਪਣੇ ਹਾਲਾਤ ਤੋਂ ਜਾਣੂ ਕਰਵਾਇਆ ਤੇ ਦੱਸਿਆ ਕਿ ਉਨ੍ਹਾਂ ਨੂੰ ਆਪਣੇ ਲਈ ਹੋਟਲ ਬੁੱਕ ਕਰਵਾਉਣਾ ਹੋਵੇਗਾ।

...ਬਾਕੀ ਪੰਨਾ 2 'ਤੇ

## ਕਿਸਾਨ ਮੋਰਚੇ ਵੱਲੋਂ ਨਵਾਂ ਐਲਾਨ: 6 ਮਾਰਚ ਨੂੰ ਅੰਦੋਲਨ ਦੇ 100ਵੇਂ ਦਿਨ ਕੇ ਐੱਮ ਪੀ ਐਕਸਪ੍ਰੈੱਸ ਵੇਅ ਜਾਮ ਕੀਤਾ ਜਾਵੇਗਾ

* ਵੱਖ-ਵੱਖ ਰਾਜਾਂ ਵਿੱਚ ਭਾਜਪਾ ਨੂੰ ਹਰਾਉਣ ਲਈ ਕਿਸਾਨਾਂ ਨੂੰ ਸੱਦਾ * 8 ਮਾਰਚ ਨੂੰ ਮਹਿਲਾ ਦਿਵਸ ਮੌਕੇ ਔਰਤਾਂ ਕਿਸਾਨ ਮੰਚ ਚਲਾਉਣਗੀਆਂ

ਨਵੀਂ ਦਿੱਲੀ, 2 ਮਾਰਚ, (ਪੋਸਟ ਬਿਊਰੋ)- ਸੰਯੁਕਤ ਕਿਸਾਨ ਮੋਰਚਾ ਨੇ ਅੱਜ ਮੰਗਲਵਾਰ ਨੂੰ ਇਹ ਐਲਾਨ ਕੀਤਾ ਹੈ ਕਿ ਭਾਰਤ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਦੇ ਖ਼ਿਲਾਫ਼ ਚੱਲ ਰਹੇ ਅੰਦੋਲਨ ਦੇ 100 ਦਿਨ ਪੂਰੇ ਹੋਣ ਉੱਤੇ 6 ਮਾਰਚ ਨੂੰ ਕੇ ਐੱਮ ਪੀ (ਕੁੰਡਲੀ-ਮਾਨੇਸਰ-ਪਲਵਲ) ਐਕਸਪ੍ਰੈੱਸਵੇਅ ਜਾਮ ਕੀਤਾ ਜਾਵੇਗਾ।

...ਬਾਕੀ ਪੰਨਾ 3 'ਤੇ




Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance | Super Visa Insurance
Critical illness Ins | Mortgage Insurance
Travel & Visitor Ins | Disability Insurance
RESP & TFSA & RRSP | Funeral Insurance
SIMRAN SAINI 416.994.7272
www.allkindinsurance.com

INSURANCE
Home | Auto
Business | Trucking
Life Insurance | Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat Broker
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
Student Visa / Study Permit
LMIA / Work permit
Permanent Residency
Family Sponsorship
Nanny
Visitor Visa
Business Immigration
Call us for Professional, Reliable & High Quality Services
Rahul Sagar 647-780-2022
120 Woodstream Blvd, Woodbridge, ON, L4L 7Z1
Lic # R534503

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

ALL KINDS OF IMMIGRATION SERVICES
iccrc crcic
Call: 416 278 4449 / 204 295 4449
World Gateway Immigration Company since 2010
Get PERMANENT RESIDENCY
If You are on Work Permit/Visitor in Canada
ZORA KAINTH Director, Member of ICCRC, Oath commissioner of Manitoba
Toronto: 149-2960 Drew Road, Mississauga Winnipeg: 678 McphillipsStreet, Winnipeg

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵੇਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

Royal Pest Control
Residential Commercial Industrial
Specialist in Bedbugs Service
All Pest Control :
Mouse & Rats | Spiders & Fleas | Bedbugs | Wasps
Cockroaches | Carpenter Ants | Silver Fish | Racoons
Call : PARESH PATEL (Government Approved Licensed Technician)
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc.
Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets | Completly Furnished
Legal Basement | Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗ੍ਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕਾਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਹਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।
1200 Derry Road E, #15, Mississauga, ON L5T 0B3
Shinder Kelley
905-362-0755

MANN LAW FIRM
Real Estate Law | Business Law
Wills & Estates | Family Law
Power of Attorney | Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

## ਮਈ ਦੇ ਅੰਤ ਤੱਕ ਅਮੈਰੀਕਨ ਬਾਲਗਾਂ ਲਈ ਵਾਧੂ ਹੋਵੇਗੀ ਵੈਕਸੀਨ : ਬਾਇਡਨ

.....ਪੰਨਾ 1 ਦਾ ਬਾਕੀ

ਅਧਿਕਾਰੀਆਂ ਦਾ ਕਹਿਣਾ ਹੈ ਕਿ ਵੈਕਸੀਨ ਦੇ ਉਤਪਾਦਨ ਵਿੱਚ ਭਾਵੇਂ ਤੇਜ਼ੀ ਆਈ ਹੈ ਪਰ ਅਮੈਰੀਕਨਜ਼ ਦੇ ਟੀਕਾਕਰਣ ਦੀ ਪ੍ਰਕਿਰਿਆ ਗਰਮੀਆਂ ਤੱਕ ਹੀ ਸ਼ਾਇਦ ਮੁਕੰਮਲ ਹੋ ਸਕੇਗੀ। ਇਹ ਇਸ ਗੱਲ ਉੱਤੇ ਵੀ ਨਿਰਭਰ ਕਰਦਾ ਹੈ ਕਿ ਸਰਕਾਰ ਕਿਸ ਹੱਦ ਤੱਕ ਵੈਕਸੀਨ ਦੀਆਂ ਡੋਜ਼ਾਂ ਡਲਿਵਰ ਕਰ ਸਕੇਗੀ ਤੇ ਅਮੈਰੀਕਨਜ਼ ਕਿਸ ਹੱਦ ਤੱਕ ਟੀਕਾਕਰਣ ਕਰਵਾਉਣ ਦੇ ਚਾਹਵਾਨ ਹੋਣਗੇ।

ਬਾਇਡਨ ਵੱਲੋਂ ਟੀਕਾਕਰਣ ਵਿੱਚ ਲਿਆਂਦੀ ਜਾਣ ਵਾਲੀ ਤੇਜ਼ੀ ਦੇ ਕੀਤੇ ਐਲਾਨ ਤੋਂ ਬਾਅਦ ਮਹਾਂਮਾਰੀ ਤੋਂ ਬਾਹਰ ਨਿਕਲਣ ਦੀਆਂ ਸੰਭਾਵਨਾਂਵਾਂ ਵਿੱਚ ਵੀ ਇੱਕਦਮ ਵਾਧਾ ਹੋਇਆ ਹੈ। ਪਰ ਭਾਵੇਂ ਬਾਇਡਨ ਵੱਲੋਂ ਸਕਾਰਾਤਮਕਤਾ ਪ੍ਰਗਟਾਈ ਗਈ ਹੈ ਪਰ ਵਾਇਰਸ ਤੋਂ ਪਹਿਲਾਂ ਵਾਲੇ ਆਮ ਵਰਗੇ ਹਾਲਾਤ ਵੱਲ ਪਰਤਣ ਦੀ ਸੰਭਾਵਨਾ ਅਜੇ ਵੀ ਪੂਰੀ ਤਰ੍ਹਾਂ ਸਪਸ਼ਟ ਨਹੀਂ ਹੋ ਸਕੀ ਹੈ। ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਆਸ ਹੈ ਕਿ ਅਗਲੇ ਸਾਲ ਇਸ ਸਮੇਂ ਦੌਰਾਨ ਤੱਕ ਹਾਲਾਤ ਆਮ ਵਰਗੇ ਹੋ ਸਕਣਗੇ।

## ਕੋਵਿਡ-19 ਵੈਕਸੀਨ ਦੀ ਪਹਿਲੀ ਡੋਜ਼ ਤੋਂ ਚਾਰ ਮਹੀਨੇ ਬਾਅਦ ਦੂਜੀ ਡੋਜ਼ ਲਾਉਣ ਦੇ ਹੱਕ ਵਿੱਚ ਹੈ ਫੋਰਡ ਸਰਕਾਰ

ਓਨਟਾਰੀਓ, 2 ਮਾਰਚ (ਪੋਸਟ ਬਿਊਰੋ) : ਆਪਣੇ ਵਧੇਰੇ ਨਾਗਰਿਕਾਂ ਨੂੰ ਕੋਵਿਡ-19 ਵੈਕਸੀਨ ਦਾ ਟੀਕਾ ਲਾਉਣ ਲਈ ਓਨਟਾਰੀਓ ਫਾਈਜ਼ਰ ਤੇ ਮੌਡਰਨਾ ਵੈਕਸੀਨ ਦੀ ਦੂਜੀ ਡੋਜ਼ ਚਾਰ ਮਹੀਨੇ ਲਈ ਅੱਗੇ ਪਾ ਸਕਦਾ ਹੈ। ਫੋਰਡ ਪ੍ਰਸ਼ਾਸਨ ਵੱਲੋਂ ਵੱਧ ਤੋਂ ਵੱਧ ਓਨਟਾਰੀਓ ਵਾਸੀਆਂ ਦਾ ਟੀਕਾਕਰਣ ਕਰਨ ਲਈ ਅਜਿਹਾ ਕੀਤਾ ਜਾ ਸਕਦਾ ਹੈ।

ਸੋਮਵਾਰ ਨੂੰ ਬ੍ਰਿਟਿਸ਼ ਕੋਲੰਬੀਆ ਵੱਲੋਂ ਇਹ ਐਲਾਨ ਕੀਤਾ ਗਿਆ ਸੀ ਕਿ ਸਥਾਨਕ ਪ੍ਰਸ਼ਾਸਨ ਦੂਜੀ ਡੋਜ਼ ਦਾ ਸਮਾਂ ਵਧਾ ਦੇਵੇਗਾ ਕਿਉਂਕਿ ਨਵੀਂ ਖੋਜ ਵਿੱਚ ਸਾਹਮਣੇ ਆਇਆ ਹੈ ਕਿ ਦੋਵੇਂ ਵੈਕਸੀਨ ਇੱਕ ਸ਼ੌਟ ਨਾਲ 90 ਫੀ ਸਦੀ ਪ੍ਰੋਟੈਕਸ਼ਨ ਦਿੰਦੀਆਂ ਹਨ। ਸੋਮਵਾਰ ਦੁਪਹਿਰ ਨੂੰ ਜਾਰੀ ਕੀਤੇ ਗਏ ਬਿਆਨ ਵਿੱਚ ਸਿਹਤ ਮੰਤਰੀ ਕ੍ਰਿਸਟੀਨ ਐਲੀਅਟ



ਤੇ ਸਾਲੀਸਿਟਰ ਜਨਰਲ ਸਿਲਵੀਆ ਜੋਨਜ਼ ਨੇ ਆਖਿਆ ਕਿ ਪ੍ਰੋਵਿੰਸ ਨੈਸ਼ਨਲ ਐਡਵਾਈਜ਼ਰੀ ਕਮੇਟੀ ਆਨ ਇਮਿਊਨਾਈਜ਼ੇਸ਼ਨ (ਐਨਏਸੀਆਈ) ਦੇ ਪੂਰੀ ਤਰ੍ਹਾਂ ਸੰਪਰਕ ਵਿੱਚ ਹੈ। ਇਸ ਨਾਲ ਦੂਜੀ ਡੋਜ਼ ਵਿੱਚ ਕਿੰਨਾ ਫਰਕ ਰੱਖਿਆ ਜਾਵੇ ਇਸ ਬਾਰੇ ਕਿਸੇ ਵੀ ਤਰ੍ਹਾਂ ਦੀ ਅਪਡੇਟ ਮਿਲਦੀ ਹੈ।

ਇਸ ਸਬੰਧ ਵਿੱਚ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਕਿ ਦੋ ਡੋਜ਼ਾਂ ਵਿਚਲੇ ਫਰਕ ਨੂੰ ਸੁਰੱਖਿਅਤ ਢੰਗ ਨਾਲ ਵਧਾਉਣ ਨਾਲ ਓਨਟਾਰੀਓ ਦੇ ਉਨ੍ਹਾਂ ਲੋਕਾਂ ਨੂੰ ਵੀ ਵੈਕਸੀਨ ਦੀ ਡੋਜ਼ ਦਿੱਤੀ ਜਾ ਸਕੇਗੀ ਜਿਹੜੇ ਬਹੁਤੇ ਖਤਰੇ ਵਿੱਚ ਹਨ। ਇਸ ਨਾਲ ਮੂਲ ਯੋਜਨਾ ਤੋਂ ਵੀ ਪਹਿਲਾਂ ਵਧੇਰੇ ਆਮ ਲੋਕਾਂ ਨੂੰ ਵੀ ਵੈਕਸੀਨੇਟ ਕੀਤਾ ਜਾ ਸਕੇਗਾ। ਜ਼ਿਕਰਯੋਗ ਹੈ ਕਿ ਫੈਡਰਲ ਸਰਕਾਰ ਵੱਲੋਂ ਫਾਈਜ਼ਰ-ਬਾਇਓਐਨਟੈਕ ਦੀ ਦੂਜੀ ਡੋਜ਼ ਪਹਿਲੀ ਡੋਜ਼ ਤੋਂ 42 ਦਿਨ ਦੇ ਅੰਦਰ ਅੰਦਰ ਲਵਾਉਣ ਦੀ ਸਿਫਾਰਿਸ਼ ਕੀਤੀ ਗਈ ਹੈ।

## ਦੋ ਮੈਂਬਰਾਂ ਦੇ ਪਾਜ਼ੀਟਿਵ ਆਉਣ ਤੋਂ ਬਾਅਦ ਟੋਰਾਂਟੋ ਚਾਈਲਡ ਕੇਅਰ ਸੈਂਟਰ ਕੀਤਾ ਗਿਆ ਬੰਦ

ਟੋਰਾਂਟੋ, 2 ਮਾਰਚ (ਪੋਸਟ ਬਿਊਰੋ) : ਸਿਟੀ ਵੱਲੋਂ ਚਲਾਏ ਜਾਣ ਵਾਲੇ ਚਾਈਲਡ ਕੇਅਰ ਸੈਂਟਰ ਦੇ ਦੋ ਮੁਲਾਜ਼ਮਾਂ ਦੇ ਕੋਵਿਡ-19 ਪਾਜ਼ੀਟਿਵ ਪਾਏ ਜਾਣ ਤੋਂ ਬਾਅਦ ਇਸ ਸੈਂਟਰ ਨੂੰ ਆਰਜ਼ੀ ਤੌਰ ਉੱਤੇ ਬੰਦ ਕਰ ਦਿੱਤਾ ਗਿਆ। ਇਹ ਅਲੈਗਜ਼ੈਂਡਰਾ ਪਾਰਕ ਅਰਲੀ ਲਰਨਿੰਗ ਐਂਡ ਚਾਈਲਡ ਕੇਅਰ ਸੈਂਟਰ ਡੰਡਸ ਤੇ ਸਪੈਡਿਨਾ ਨੇੜੇ 75 ਆਗਸਤਾ ਸਕੁਏਅਰ ਉੱਤੇ ਟੋਰਾਂਟੋ ਕਮਿਊਨਿਟੀ ਹਾਊਸਿੰਗ ਬਿਲਡਿੰਗ ਵਿੱਚ ਸਥਿਤ ਹੈ। ਪ੍ਰੀ ਸਕੂਲ ਰੂਮ ਵਿੱਚ ਇੱਕ ਸਟਾਫ ਮੈਂਬਰ 25 ਫਰਵਰੀ ਨੂੰ ਪਾਜ਼ੀਟਿਵ ਆਇਆ ਤੇ ਦੂਜਾ ਸਟਾਫ ਮੈਂਬਰ ਸੋਮਵਾਰ ਨੂੰ ਪਾਜ਼ੀਟਿਵ ਆਇਆ। ਹੁਣ ਸਾਰੇ ਸਟਾਫ ਮੈਂਬਰਜ਼ ਤੇ ਬੱਚਿਆਂ ਨੂੰ ਸੈਲਫ ਆਈਸੋਲੇਟ ਕਰ ਦਿੱਤਾ ਗਿਆ ਹੈ ਤੇ ਅਹਿਤਿਆਤਨ ਉਨ੍ਹਾਂ ਦੇ ਲੱਛਣਾਂ ਉੱਤੇ ਨਜ਼ਰ ਰੱਖੀ ਜਾ ਰਹੀ ਹੈ। ਡੀਪ ਕਲੀਨਿੰਗ ਤੋਂ ਬਾਅਦ ਸੈਂਟਰ ਨੂੰ ਖੋਲ੍ਹ ਦਿੱਤਾ ਜਾਵੇਗਾ।

## ਟੋਅ ਟਰੱਕ ਇੰਡਸਟਰੀ ਉੱਤੇ ਨਕੇਲ ਕੱਸਣ ਦੀ ਓਨਟਾਰੀਓ ਨੇ ਕੀਤੀ ਪੂਰੀ ਤਿਆਰੀ

ਟੋਰਾਂਟੋ, 2 ਮਾਰਚ (ਪੋਸਟ ਬਿਊਰੋ) : ਬਦਨਾਮ ਟੋਅ ਟਰੱਕ ਇੰਡਸਟਰੀ ਉੱਤੇ ਨਕੇਲ ਕੱਸਣ ਦੀ ਓਨਟਾਰੀਓ ਵੱਲੋਂ ਪੂਰੀ ਤਿਆਰੀ ਕੀਤੀ ਜਾ ਰਹੀ ਹੈ। ਇਸ ਸਬੰਧ ਵਿੱਚ ਟੋਰਾਂਟੋ ਏਰੀਆ ਦੇ ਹਾਈਵੇਅਜ਼ ਦੇ ਖਾਸ ਹਿੱਸਿਆਂ ਨੂੰ ਕਾਂਟਰੈਕਟ ਉੱਤੇ ਦੇਣ ਲਈ ਵੀ ਕਈ ਕੰਪਨੀਆਂ ਨਾਲ ਡੀਲ ਕੀਤੀ ਗਈ ਹੈ।

ਟਰਾਂਸਪੋਰਟੇਸ਼ਨ ਮੰਤਰੀ ਕੈਰੋਲੀਨ ਮਲਰੋਨੀ ਨੇ ਮੰਗਲਵਾਰ ਨੂੰ ਕੁਈਨਜ਼ ਪਾਰਕ ਵਿਖੇ ਇੱਕ ਨਿਊਜ਼ ਕਾਨਫਰੰਸ ਵਿੱਚ ਆਖਿਆ ਕਿ ਪਿਛਲੇ ਕੁੱਝ ਸਾਲਾਂ ਵਿੱਚ ਇੰਡਸਟਰੀ ਵਿੱਚ ਹਿੰਸਾ ਮੁਜਰਮਾਨਾ ਗਤੀਵਿਧੀਆਂ ਦਾ ਰੁਝਾਨ ਵਧਿਆ ਹੈ। ਪਰ ਟੋਇੰਗ ਇੰਡਸਟਰੀ ਵਿੱਚ ਇਹ ਹਿੰਸਾ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਤੇ ਅਸੀਂ ਇਸ ਨੂੰ ਖਤਮ ਕਰਨ ਲਈ ਉਚੇਚੇ ਕਦਮ ਚੁੱਕ ਰਹੇ ਹਾਂ। ਗ੍ਰੇਟਰ ਟੋਰਾਂਟੋ ਏਰੀਆ ਵਿੱਚ ਜਾਰੀ ਹਿੰਸਾ ਤੇ ਮੁਜਰਮਾਨਾ ਗਤੀਵਿਧੀਆਂ ਨੂੰ ਠੱਲ੍ਹ ਪਾਉਣ ਲਈ ਪ੍ਰੋਵਿੰਸ਼ੀਅਲ ਸਰਕਾਰ ਨੇ ਜੂਨ 2020 ਵਿੱਚ ਟਾਸਕਫੋਰਸ ਕਾਇਮ ਕੀਤੀ ਸੀ।

ਇਸ ਟਾਸਕਫੋਰਸ ਵਿੱਚ ਓਨਟਾਰੀਓ ਦੇ ਕਈ ਮੰਤਰਾਲੇ ਸ਼ਾਮਲ ਹਨ ਜਿਨ੍ਹਾਂ ਵਿੱਚ ਮਨਿਸਟਰੀ ਆਫ ਟਰਾਂਸਪੋਰਟੇਸ਼ਨ,




ਮਨਿਸਟਰੀ ਆਫ ਸਾਲੀਸਿਟਰ ਜਨਰਲ ਤੇ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਦੇ ਨਾਲ ਨਾਲ ਮਿਊਂਸਪਲ ਪੁਲਿਸ ਸਰਵਿਸਿਜ਼ ਦੇ ਮੈਂਬਰ ਸ਼ਾਮਲ ਹਨ। 70 ਤੋਂ ਵੱਧ ਇੰਡਸਟਰੀ ਪਾਰਟਨਰਜ਼ ਨਾਲ ਤੇ ਜਨਤਾ ਦੇ ਨੁਮਾਇੰਦਿਆਂ ਨਾਲ ਗੱਲਬਾਤ ਕਰਨ ਤੋਂ ਬਾਅਦ ਮਲਰੋਨੀ ਨੇ ਆਖਿਆ ਕਿ ਟਾਸਕਫੋਰਸ ਨੇ ਆਪਣੀਆਂ ਲੱਭਤਾਂ ਜਾਰੀ ਕੀਤੀਆਂ ਹਨ ਤੇ ਇਸ ਦੇ ਨਾਲ ਹੀ ਇੰਡਸਟਰੀ ਦੀ ਪ੍ਰੋਵਿੰਸ਼ੀਅਲ ਨਜ਼ਰਸਾਨੀ ਵਧਾਉਣ ਤੇ ਮਿਆਰਾਂ ਵਿੱਚ ਸੁਧਾਰ ਕਰਨ ਦੀ ਸਿਫਾਰਿਸ਼ ਕੀਤੀ ਗਈ ਹੈ।

ਇਸ ਦੌਰਾਨ ਪ੍ਰੋਵਿੰਸ ਨੇ ਆਖਿਆ ਕਿ ਮਿਊਂਸਪਲ ਪੁਲਿਸ ਸਰਵਿਸਿਜ਼ ਨਾਲ ਰਲ ਕੇ ਓਪੀਪੀ ਵੱਲੋਂ ਜੁਆਇੰਟ ਫੋਰਸਿਜ਼ ਆਪਰੇਸ਼ਨ ਟੀਮ ਬਣਾਈ ਜਾਵੇਗੀ। ਇਸ ਦੇ ਨਾਲ ਹੀ ਓਨਟਾਰੀਓ ਸਰਕਾਰ ਪਾਇਲਟ ਪ੍ਰੋਜੈਕਟ ਦਾ ਪਹਿਲਾਂ ਫੇਜ਼ ਲਾਂਚ ਕਰੇਗੀ। ਇਸ ਤਹਿਤ ਜੀਟੀਏ ਵਿੱਚ ਚਾਰ ਟੋਅ ਜੋਨਜ਼ ਬਣਾਈਆਂ ਜਾਣਗੀਆਂ। ਇੱਕ ਟੋਅ ਟਰੱਕ ਕੰਪਨੀ ਨੂੰ ਪ੍ਰੋਵਿੰਸ ਵੱਲੋਂ ਠੇਕਾ ਦਿੱਤਾ ਜਾਵੇਗਾ ਤੇ ਉਹ ਉਸ ਇਲਾਕੇ ਵਿੱਚ ਹੀ ਕੰਮ ਕਰੇਗੀ। ਇਸ ਨਾਲ ਹਾਦਸਾ ਹੋਣ ਦੀ ਸੂਰਤ ਵਿੱਚ ਪੈਣ ਵਾਲੀ ਅਫਰਾਤਫਰੀ ਖਤਮ ਹੋਵੇਗੀ ਕਿਉਂਕਿ ਇਹ ਇੰਡਸਟਰੀ ਵਿੱਚ ਬਣਿਆ ਹਇਆ ਰੁਝਾਨ ਹੈ।

## ਓਨਟਾਰੀਓ ਦੀ ਮਹਿਲਾ ਨੂੰ ਹੋਟਲ ਵਿੱਚ ਕੁਆਰਨਟੀਨ ਹੋਣ ਲਈ ਇੱਕ ਰਾਤ ਪਿੱਛੇ ਚੁਕਾਉਣਾ ਪਿਆ 3458 ਡਾਲਰ ਦਾ ਬਿੱਲ

.....ਪੰਨਾ 1 ਦਾ ਬਾਕੀ

ਹੋਟਲ ਦੇ ਅਧਿਕਾਰੀ ਨੇ ਦੱਸਿਆ ਕਿ ਕਮਰਾ ਬੁੱਕ ਕਰਨ ਲਈ ਇੱਕ ਰਾਤ ਦਾ ਉਨ੍ਹਾਂ ਨੂੰ 369 ਡਾਲਰ ਚਾਰਜ ਕੀਤਾ ਜਾਵੇਗਾ ਤੇ ਉਨ੍ਹਾਂ ਨੂੰ ਘੱਟੋ ਘੱਟ ਤਿੰਨ ਰਾਤਾਂ ਲਈ ਉੱਥੇ ਰਹਿਣਾ ਹੋਵ-ੇਗਾ। ਫਿਰ ਉਨ੍ਹਾਂ ਦੋ ਕੁਈਨ ਬੈੱਡ ਵਾਲਾ ਇੱਕ ਕਮਰਾ ਇੱਥੇ ਬੁੱਕ ਕਰਵਾ ਲਿਆ ਤੇ ਉਨ੍ਹਾਂ ਨੂੰ ਉੱਥੇ ਲਿਜਾਣ ਲਈ ਇੱਕ ਘੰਟੇ ਤੱਕ ਸ਼ਟਲ ਦੀ ਉਡੀਕ ਕਰਨੀ ਪਈ। ਪਰ ਸ਼ਟਲ ਨਾ ਆਉਣ ਉੱਤੇ ਉਹ ਟੈਕਸੀ ਕਰਕੇ ਹੋਟਲ ਪਹੁੰਚੇ।

ਉਸ ਨੇ ਦੱਸਿਆ ਕਿ ਹੋਟਲ ਪਹੁੰਚਦਿਆਂ ਸਾਰ ਹੀ ਕਮਰੇ ਦੀ ਕੀਮਤ 369 ਡਾਲਰ ਪ੍ਰਤੀ ਰਾਤ ਦੀ ਥਾਂ ਵੱਧ ਕੇ 769 ਪ੍ਰਤੀ ਰਾਤ ਪਲੱਸ ਟੈਕਸ ਹੋ ਗਈ। ਉਨ੍ਹਾਂ ਨੂੰ ਪਤਾ ਸੀ ਕਿ ਅਸੀਂ ਤਿੰਨ ਲੋਕ ਹਾਂ ਤੇ ਉਨ੍ਹਾਂ ਵੱਲੋਂ ਇਸ ਬਾਰੇ ਸਹੀ ਜਾਣਕਾਰੀ ਹੀ ਨਹੀਂ ਦਿੱਤੀ ਗਈ। ਉਨ੍ਹਾਂ ਇਹ ਨਹੀਂ ਸੀ ਦੱਸਿਆ ਕਿ 369 ਡਾਲਰ ਪ੍ਰਤੀ ਵਿਅਕਤੀ ਕਿਰਾਇਆ ਹੈ। ਉਨ੍ਹਾਂ ਦੱਸਿਆ ਕਿ 27 ਫਰਵਰੀ ਤੋਂ ਪਹਿਲੀ ਮਾਰਚ ਤੱਕ ਹੋਟਲ ਵਿੱਚ ਰਹਿਣ ਲਈ ਉਨ੍ਹਾਂ ਤੋਂ 3,458 ਡਾਲਰ ਕਿਰਾਇਆ ਵਸੂਲਿਆ ਗਿਆ।

ਹੋਟਲ ਪਹੁੰਚਣ ਉੱਤੇ ਉਨ੍ਹਾਂ ਨੂੰ ਤਿੰਨ ਸੈਂਡਵਿੱਚ ਤੇ ਪਾਣੀ ਦੀਆਂ ਤਿੰਨ ਬੋਤਲਾਂ ਦਿੱਤੀਆਂ ਗਈਆਂ। ਉਨ੍ਹਾਂ ਨੂੰ ਕੁਆਰਨਟੀਨ ਪ੍ਰਕਿਰਿਆ ਲਈ ਵੀ ਕੋਈ ਹਦਾਇਤਾਂ ਨਹੀਂ ਦਿੱਤੀਆਂ ਗਈਆਂ, ਬੱਸ ਉਨ੍ਹਾਂ ਨੂੰ ਇਹ ਦੱਸ ਦਿੱਤਾ ਗਿਆ ਕਿ ਖਾਣਾ ਉਨ੍ਹਾਂ ਦੇ ਦਰਵਾਜ਼ੇ ਦੇ ਬਾਹਰ ਛੱਡ ਦਿੱਤਾ ਜਾਵੇਗਾ। ਅਗਲੇ ਦਿਨ ਉਨ੍ਹਾਂ ਨੂੰ ਸਵੇਰੇ 9:45 ਤੋਂ ਬਾਅਦ ਬ੍ਰੇਕਫਾਸਟ ਦਿੱਤਾ ਗਿਆ। ਫਿਰ ਉਸ ਤੋਂ ਕੁੱਝ ਦੇਰ ਬਾਅਦ ਉਨ੍ਹਾਂ ਦੀ ਕੋਵਿਡ-19 ਸਬੰਧੀ ਰਿਪੋਰਟ ਨੈਗੇਟਿਵ ਆਈ। ਜਿਸ ਤੋਂ ਭਾਵ ਸੀ ਕਿ ਹੋਟਲ ਦੀ ਥਾਂ ਉੱਤੇ ਘਰ ਰਹਿ ਕੇ ਵੀ ਆਪਣਾ ਕੁਆਰਨਟੀਨ ਦਾ ਸਮਾਂ ਪੂਰਾ ਕਰ ਸਕਦੇ ਹਨ। ਹੋਟਲ ਵਿੱਚ ਉਨ੍ਹਾਂ 15 ਘੰਟੇ ਬਿਤਾਏ।

ਫਿਰ ਉਨ੍ਹਾਂ ਹੋਟਲ ਦੇ ਅਧਿਕਾਰੀਆਂ ਨੂੰ ਆਪਣੀ ਨੈਗੇਟਿਵ ਰਿਪੋਰਟ ਦੀ ਜਾਣਕਾਰੀ ਦੇ ਕੇ ਹੋਟਲ ਛੱਡਣ ਲਈ ਦੱਸਿਆ ਪਰ ਉਨ੍ਹਾਂ ਆਖਿਆ ਕਿ ਉਨ੍ਹਾਂ ਤੋਂ ਤਿੰਨ ਰਾਤਾਂ ਦੇ ਹੀ ਪੈਸੇ ਵਸੂਲੇ ਜਾਣਗੇ। ਬੇਨਤੀ ਕਰਨ ਦੇ ਬਾਵਜੂਦ ਉਨ੍ਹਾਂ ਤੋਂ ਪੂਰੇ ਪੈਸੇ ਲਏ ਗਏ। ਬਿੱਲ ਚੁਕਾ ਕੇ ਉਹ ਘਰ ਪਰਤੇ। ਉਨ੍ਹਾਂ ਆਖਿਆ ਕਿ ਸਰਕਾਰ ਦੀ ਇਹ ਯੋਜਨਾ ਬਹੁਤ ਬੇਕਾਰ ਹੈ ਤੇ ਇਸ ਨੂੰ ਚੰਗੀ ਤਰ੍ਹਾਂ ਸੋਚ ਵਿਚਾਰ ਕੇ ਤਿਆਰ ਨਹੀਂ ਕੀਤਾ ਗਿਆ।

## ਕੋਵਿਡ-19 ਆਊਟਬ੍ਰੇਕ ਕਾਰਨ ਟੋਰਾਂਟੋ ਸਕੂਲ ਕੀਤਾ ਗਿਆ ਬੰਦ

ਟੋਰਾਂਟੋ, 2 ਮਾਰਚ (ਪੋਸਟ ਬਿਊਰੋ) : ਸਕਾਰਬੌਰੋ ਵਿੱਚ ਟੋਰਾਂਟੋ ਪਬਲਿਕ ਸਕੂਲ ਨੂੰ ਕੋਵਿਡ-19 ਆਊਟਬ੍ਰੇਕ ਕਾਰਨ ਬੰਦ ਕਰ ਦਿੱਤਾ ਗਿਆ ਹੈ। ਇਸ ਸਕੂਲ ਕਮਿਊਨਿਟੀ ਵਿੱਚ ਛੇ ਲੋਕ ਕੋਵਿਡ-19 ਪਾਜ਼ੀਟਿਵ ਪਾਏ ਗਏ ਹਨ। ਇਨ੍ਹਾਂ ਵਿੱਚ ਚਾਰ ਵਿਅਕਤੀਆਂ ਵਿੱਚ ਕੋਵਿਡ-19 ਦੇ ਵੱਖਰੇ ਵੇਰੀਐਂਟ ਵੀ ਪਾਏ ਗਏ।

ਟੋਰਾਂਟੋ ਪਬਲਿਕ ਹੈਲਥ ਨੇ ਸੋਮਵਾਰ ਸ਼ਾਮ ਨੂੰ ਆਖਿਆ ਕਿ ਉਨ੍ਹਾਂ ਵੱਲੋਂ ਲਾਅਰੈਂਸ ਤੇ ਮਿਡਲੈਂਡ ਐਵਨਿਊਂ ਨੇੜੇ ਸਥਿਤ ਡੌਲਵੁੱਡ ਪਾਰਕ ਪਬਲਿਕ ਸਕੂਲ ਦੇ ਸਟਾਫ ਤੇ ਵਿਦਿਆਰਥੀਆਂ ਨੂੰ ਸਕੂਲ ਨਾ ਸੱਦਣ ਦੀ ਸਿਫਾਰਿਸ਼ ਕੀਤੀ ਗਈ ਹੈ। ਟੀਪੀਐਚ ਨੇ ਨਿਊਜ਼ ਰਲੀਜ਼ ਵਿੱਚ ਆਖਿਆ ਕਿ ਸਕੂਲ ਬੰਦ ਕਰਨਾ ਅਹਿਤਿਆਤੀ ਕਦਮ ਹੈ ਜਿਸ ਨੂੰ ਸਕੂਲ ਕਮਿਊਨਿਟੀ ਦੀ ਹਿਫਾਜ਼ਤ ਕਰਨ ਤੇ ਵਾਇਰਸ ਨੂੰ ਅੱਗੇ ਫੈਲਣ ਤੋਂ ਰੋਕਣ ਲਈ ਜਾਂਚ ਮੁਕੰਮਲ ਕਰਨ ਵਾਸਤੇ ਚੁੱਕਿਆ ਜਾ ਰਿਹਾ ਹੈ।

ਸਕੂਲ ਬੰਦ ਕੀਤੇ ਜਾਣ ਦੀ ਜਾਣਕਾਰੀ ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ ਵੱਲੋਂ ਵਿਦਿਆਰਥੀਆਂ ਤੇ ਅਮਲੇ ਨੂੰ ਸੋਮਵਾਰ ਸਵੇਰੇ ਦਿੱਤੀ ਗਈ। ਟੀਡੀਐਸਬੀ ਦੇ ਬੁਲਾਰੇ ਰਾਇਨ ਬਰਡ ਨੇ ਆਖਿਆ ਕਿ ਇਹ ਸਕੂਲ ਹੁਣ 14 ਦਿਨਾਂ ਲਈ ਬੰਦ ਰੱਖਿਆ ਜਾਵੇਗਾ ਪਰ ਮਾਹੌਲ ਦੇ ਹਿਸਾਬ ਨਾਲ ਸਕੂਲ ਦੇ ਅਧਿਕਾਰੀਆਂ ਵੱਲੋਂ ਸਕੂਲ ਖੋਲ੍ਹੇ ਜਾਣ ਦੀ ਮਿਤੀ ਤੋਂ ਮਾਪਿਆਂ ਨੂੰ ਅਗਾਊਂ ਜਾਣਕਾਰੀ ਦੇ ਦਿੱਤੀ ਜਾਵੇਗੀ। ਬੋਰਡ ਨੇ ਆਖਿਆ ਕਿ ਅਜੇ ਤੱਕ ਉਨ੍ਹਾਂ ਨੂੰ ਇਹ ਸਪਸ਼ਟ ਨਹੀਂ ਹੋ ਸਕਿਆ ਕਿ ਆਊਟਬ੍ਰੇਕ ਵਿੱਚ ਕਿਹੜੇ ਵੇਰੀਐਂਟਸ ਸ਼ਾਮਲ ਹਨ।

## 64 ਫੀ ਸਦੀ ਟੋਰਾਂਟੋ ਵਾਸੀ ਕੰਮ ਉੱਤੇ ਪਰਤਣ ਨੂੰ ਮੰਨਦੇ ਹਨ ਸਹੀ : ਸਰਵੇਅ

ਟੋਰਾਂਟੋ, 2 ਮਾਰਚ (ਪੋਸਟ ਬਿਊਰੋ) : ਜੇ ਤੁਸੀਂ ਘਰ ਤੋਂ ਕੰਮ ਕਰ ਰਹੇ ਹੋਂ ਤਾਂ ਕੀ ਤੁਸੀਂ ਹੁਣ ਆਫਿਸ ਪਰਤਣ ਲਈ ਤਿਆਰ ਹੋਂ? ਇਸ ਸਬੰਧ ਵਿੱਚ ਕਰਵਾਏ ਗਏ ਇੱਕ ਤਾਜ਼ਾ ਸਰਵੇਖਣ ਤੋਂ ਸਾਹਮਣੇ ਆਇਆ ਹੈ ਕਿ ਡਾਊਨਟਾਊਨ ਵਿੱਚ ਕੰਮ ਕਰਨ ਵਾਲੇ ਬਹੁਤ ਸਾਰੇ ਲੋਕ ਕੰਮ ਉੱਤੇ ਪਰਤਣਾ ਚਾਹੁੰਦੇ ਹਨ ਪਰ ਅਜੇ ਵੀ ਉਨ੍ਹਾਂ ਦੇ ਮਨਾਂ ਵਿੱਚ ਥੋੜ੍ਹੀ ਹਿਚਕਿਚਾਹਟ ਹੈ।

ਟੋਰਾਂਟੋ ਰੀਜਨ ਬੋਰਡ ਆਫ ਟਰੇਡ ਲਈ ਨੈਨੋਜ਼ ਵੱਲੋਂ ਕਰਵਾਏ ਗਏ ਸਰਵੇਖਣ ਵਿੱਚ ਸਾਹਮਣੇ ਆਇਆ ਕਿ ਇਸ ਸਰਵੇਖਣ ਵਿੱਚ ਹਿੱਸਾ ਲੈਣ ਵਾਲੇ 64 ਫੀ ਸਦੀ ਵਰਕਰਜ਼ ਨੂੰ ਕੰਮ ਉੱਤੇ ਪਰਤਣਾ ਸੇਫ ਲੱਗ ਰਿਹਾ ਹੈ ਹਾਲਾਂਕਿ ਉਨ੍ਹਾਂ ਲਈ ਕੰਮ ਵਾਲਾ ਮਾਹੌਲ ਬਦਲਿਆ ਹੋਵੇਗਾ। ਨੈਨੋਜ਼ ਦੇ ਇਸ ਸਰਵੇਖਣ ਵਿੱਚ 507 ਡਾਊਨਟਾਊਨ ਵਰਕਰਜ਼ ਨੇ ਹਿੱਸਾ ਲਿਆ, ਜਿਨ੍ਹਾਂ ਵਿੱਚੋਂ 385 ਲੋਕਾਂ ਨੇ 29 ਜਨਵਰੀ ਤੋਂ 5 ਫਰਵਰੀ ਤੱਕ ਆਫਿਸਿਜ਼ ਵਿੱਚ ਕੰਮ ਕੀਤਾ।

ਸਰਵੇਖਣ ਵਿੱਚ ਪਾਇਆ ਗਿਆ ਕਿ ਕੁੱਝ ਲੋਕਾਂ ਨੂੰ ਅਜੇ ਵੀ ਭੀੜ ਭਾੜ ਨੂੰ ਲੈ ਕੇ ਚਿੰਤਾ ਹੈ। ਕੁੱਝ ਨੇ ਇਹ ਸਵਾਲ ਉਠਾਏ ਕਿ ਜਿਹੜੇ ਲੋਕ ਉੱਚੀਆਂ ਉੱਚੀਆਂ ਬਿਲਡਿੰਗਾਂ ਦੇ ਸਿਖਰਲੇ ਫਲੋਰਜ਼ ਉੱਤੇ ਕੰਮ ਕਰਦੇ ਹਨ ਉਹ ਲਿਫਟ ਵਿੱਚ ਕਿਵੇਂ ਜਾਣਗੇ ਤੇ ਜਾਂ ਫਿਰ ਪੌੜੀਆਂ ਤੋਂ ਚੜ੍ਹਦੇ ਸਮੇਂ ਲੋਕਾਂ ਕੋਲੋਂ ਕਿਵੇਂ ਬਚਕੇ ਲੰਘਣਗੇ। ਇਸ ਸਰਵੇਅ ਵਿੱਚ ਸ਼ਾਮਲ ਹੋਏ 15 ਫੀ ਸਦੀ ਲੋਕਾਂ ਨੇ ਆਖਿਆ ਕਿ ਕੰਮ ਵਾਲੀ ਥਾਂ ਉੱਤੇ ਪਰਤਣ ਦਾ ਇਰਾਦਾ ਉਨ੍ਹਾਂ ਨੂੰ ਹਾਲ ਦੀ ਘੜੀ ਸਹੀ ਨਹੀਂ ਲੱਗਦਾ।

23 ਫੀ ਸਦੀ ਲੋਕਾਂ ਨੇ ਇਹ ਆਖਿਆ ਕਿ ਉਨ੍ਹਾਂ ਨੂੰ ਆਫਿਸ ਲਾਈਫ ਵਿੱਚ ਪਰਤਣ ਤੋਂ ਕੋਈ ਡਰ ਨਹੀਂ ਲੱਗ ਰਿਹਾ, 13 ਫੀ ਸਦੀ ਨੇ ਆਖਿਆ ਕਿ ਉਨ੍ਹਾਂ ਨੂੰ ਟਰੈਫਿਕ ਤੋਂ ਕੋਈ ਪਰਹੇਜ਼ ਨਹੀਂ, 12 ਫੀ ਸਦੀ ਨੇ ਭੀੜ ਭਾੜ ਵਾਲੀ ਥਾਂ ਉੱਤੇ ਜਾਣ ਵਿੱਚ ਕੋਈ ਡਰ ਨਾ ਲੱਗਣ ਦੀ ਗੱਲ ਆਖੀ ਤੇ 11 ਫੀ ਸਦੀ ਨੇ ਆਵਾਜਾਈ ਵਾਲੀਆਂ ਚੀਜ਼ਾਂ ਨੂੰ ਵੀ ਸੇਫ ਦੱਸਿਆ। ਟੋਰਾਂਟੋ ਦੇ ਕਈ ਆਫਿਸ ਕਰਮਚਾਰੀ ਇਹ ਜਾਨਣਾ ਚਾਹੁੰਦੇ ਸਨ ਕਿ ਉਨ੍ਹਾਂ ਦੇ ਇੰਪਲਾਇਰ ਉਨ੍ਹਾਂ ਨੂੰ ਕੰਮ ਉੱਤੇ ਸੱਦਣਾ ਚਾਹੁੰਦੇ ਹਨ ਜਾਂ ਨਹੀਂ। ਨੈਨੋਜ਼ ਦੇ ਅੰਕੜਿਆਂ ਤੋਂ ਸਾਹਮਣੇ ਆਇਆ ਕਿ 83 ਫੀ ਸਦੀ ਵਰਕਰ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੌਸ ਉਨ੍ਹਾਂ ਨੂੰ ਕੰਮ ਬਾਰੇ ਅਗਾਊਂ ਜਾਣਕਾਰੀ ਦੇਣ ਜਦਕਿ ਪੰਜ ਫੀ ਸਦੀ ਨੇ ਆਖਿਆ ਕਿ ਇਸ ਨਾਲ ਉਨ੍ਹਾਂ ਨੂੰ ਕੋਈ ਫਰਕ ਨਹੀਂ ਪੈਂਦਾ।



## ਅੱਜ ਨਾਮਾ

ਕੰਗਣਾ ਨਵੇਂ ਇੱਕ ਕੇਸ ਵਿੱਚ ਫੇਰ ਉਲਝੀ,
ਕੱਢਿਆ ਉਸ ਦਾ ਹੈ ਕੋਰਟ ਵਾਰੰਟ ਮਿੱਤਰ।
ਜਾਵੇਦ ਅਖਤਰ ਨੇ ਕਹਿੰਦੇ ਆ ਕੇਸ ਕੀਤਾ,
ਖੁੱਲ੍ਹ ਗਿਆ ਨਵਾਂ ਇੱਕ ਹੋਰ ਫਰੰਟ ਮਿੱਤਰ।
ਕਰਦੀ ਕਦੀ ਨਹੀਂ ਅਕਲ ਦੀ ਗੱਲ ਲੜਕੀ,
ਮੁੜ-ਮੁੜ ਬੋਲਦੀ ਉਹ ਅੰਟ-ਸ਼ੰਟ ਮਿੱਤਰ।
ਹਰ ਇੱਕ ਬੰਦੇ ਦੇ ਸਿਰੋਂ ਉਹ ਪੱਗ ਲਾਹੁੰਦੀ,
ਉਸ ਦਾ ਬਿਆਨ ਵੀ ਵਾਂਗਰ ਕਰੰਟ ਮਿੱਤਰ।
ਕਹਿੰਦੇ ਮੁਲਕ ਦੇ ਹਾਕਮ ਦੀ ਸ਼ਹਿ ਉਹਨੂੰ,
ਕਰਦੀ ਕਿਸੇ ਦੀ ਨਾਹੀਂਉਂ ਪ੍ਰਵਾਹ ਲੜਕੀ।
ਕਹਿੰਦੇ ਲੋਕ ਕਿ ਇਹੋ ਜਿਹੀ ਖੇਡ ਕਰ ਕੇ,
ਲੀਡਰੀ ਕਰਨ ਲਈ ਲੱਭਦੀ ਰਾਹ ਲੜਕੀ।

**ਤੀਸ ਮਾਰ ਖਾਂ**

# 6 ਮਾਰਚ ਨੂੰ ਅੰਦੋਲਨ ਦੇ 100ਵੇਂ ਦਿਨ ਕੇ ਐੱਮ ਪੀ ਐਕਸਪ੍ਰੈੱਸ ਵੇਅ ਜਾਮ ਕੀਤਾ ਜਾਵੇਗਾ

.....ਪੰਨਾ 1 ਦਾ ਬਾਕੀ

ਇਹ ਐਕਸਪ੍ਰੈੱਸਵੇਅ ਉਸ ਦਿਨ ਸਵੇਰੇ 11 ਵਜੇ ਤੋਂ ਪੰਜ ਘੰਟੇ ਵੱਖ-ਵੱਖ ਥਾਈਂ ਜਾਮ ਕੀਤਾ ਜਾਵੇਗਾ। ਇਸ ਦੇ ਨਾਲ ਕਿਸਾਨ ਮੋਰਚਾ ਨੇ ਐਲਾਨ ਕੀਤਾ ਹੈ ਕਿ ਉਹ ਵਿਧਾਨ ਸਭਾ ਚੋਣਾਂ ਵਾਲੇ ਪੰਜਾਬ ਰਾਜਾਂ ਵਿਚ ਕਿਸਾਨਾਂ ਨੂੰ ਅਪੀਲ ਕਰਨ ਦੇ ਲਈ ਆਪਣੇ ਆਗੂਆਂ ਨੂੰ ਭੇਜੇਗਾ ਕਿ ਉਹ ਇਨ੍ਹਾਂ ਵਿਧਾਨ ਸਭਾ ਚੋਣਾਂਵਿੱਚ ਭਾਜਪਾ ਨੂੰ ਹਰਾਉਣ।

ਅੱਜ ਏਥੇ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਯੋਗੇਂਦਰ ਯਾਦਵ ਨੇ ਕਿਹਾ ਕਿ 12 ਮਾਰਚ ਦੇ ਦਿਨ ਕੋਲਕਾਤਾ ਵਿੱਚ ਕਿਸਾਨ ਆਗੂ ਇਕ ਰੈਲੀ ਨੂੰ ਸੰਬੋਧਨ ਕਰ ਕੇ ਕਿਸਾਨਾਂ ਨੂੰ ਭਾਜਪਾ ਦਾ ਵਿਰੋਧ ਕਰਨ ਦੀ ਅਪੀਲ ਕਰਨਗੇ। ਇਸ ਮੋਰਚੇ ਦੇ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਮੋਰਚੇ ਦੀਆਂ ਟੀਮਾਂ ਪੱਛਮੀ ਬੰਗਾਲ ਅਤੇ ਕੇਰਲ ਸਮੇਤ ਚੋਣਾਂ ਵਾਲੇ ਹਰ ਰਾਜਵਿੱਚ ਜਾ ਕੇ ਭਾਜਪਾ ਨੂੰ ਹਰਾਉਣ ਲਈ ਕਿਸਾਨਾਂ ਨੂੰ ਅਪੀਲ ਕਰਨਗੀਆਂ। ਸਿੰਘੂ ਬਾਰਡਰ ਉੱਤੇ ਇਕ ਪੱਤਰਕਾਰ ਸੰਮੇਲਨਵਿੱਚ ਉਨ੍ਹਾਂ ਕਿਹਾ ਕਿ ਅਸੀਂ ਕਿਸੇ ਪਾਰਟੀ ਲਈ ਵੋਟਾਂ ਨਹੀਂ ਮੰਗਾਂਗੇ, ਪਰ ਅਸੀਂ ਉਸ ਪਾਰਟੀ ਦੇ ਉਮੀਦਵਾਰਾਂ ਨੂੰ ਵੋਟ ਦੇਣ ਦੀ ਅਪੀਲ ਕਰਾਂਗੇ, ਜਿਹੜੀ ਭਾਜਪਾ ਨੂੰ ਹਰਾ ਸਕਦੀ ਹੋਵੇ। ਉਨ੍ਹਾਂ ਨੇ ਦੋਸ਼ ਲਾਇਆ ਕਿ ਭਾਜਪਾ ਕਿਸਾਨਾਂ ਦੇ ਮੁੱਦਿਆਂ ਨੂੰ ਹੱਲ ਕਰਨ ਤੋਂ ਨਾਕਾਮ ਰਹੀ ਹੈ। ਯੋਗੇਂਦਰ ਯਾਦਵ ਨੇ ਕਿਹਾ ਕਿ ਮੋਰਚੇ ਦੇ ਆਗੂ ਕਰਨਾਟਕ ਵਿੱਚ ਵੀ ਜਾਣਗੇ, ਜਿੱਥੇ ਕਿਸਾਨਾਂ ਨੂੰ ਵੱਖ-ਵੱਖ ਫਸਲਾਂ ਉੱਤੇ ਐੱਮ ਐੱਸ ਪੀ ਤੋਂ 1000 ਰੁਪਏ ਘੱਟ ਮਿਲਦੇ ਹਨ।

ਕਿਸਾਨ ਆਗੂਆਂ ਨੇ ਕਿਹਾ ਕਿ 8 ਮਾਰਚ ਨੂੰ ਮਹਿਲਾ ਦਿਵਸ ਮੌਕੇ ਦਿੱਲੀ ਅਤੇ ਦੇਸ਼ ਦੀਆਂ ਵੱਖ-ਵੱਖ ਥਾਵਾਂ ਉੱਤੇ ਕਿਸਾਨ ਪ੍ਰੋਗਰਾਮਾਂ ਦੀ ਅਗਵਾਈ ਔਰਤਾਂ ਹੀ ਅਗਵਾਈ ਕਰਨਗੀਆਂ।

# ਐੱਨ ਆਰ ਆਈਜ਼ ਦੇ ਕੇਸਾਂ ਬਾਰੇ ਪੰਜਾਬ ਸਰਕਾਰ ਵੱਲੋਂ ਵੈੱਬਸਾਈਟ ਸ਼ੁਰੂ

ਚੰਡੀਗੜ੍ਹ, 2 ਮਾਰਚ, (ਪੋਸਟ ਬਿਊਰੋ)- ਵਿਦੇਸ਼ਾਂ ਵਿੱਚ ਵਸੇ ਪੰਜਾਬੀਆਂ ਦੇ ਕਾਨੂੰਨੀ ਕੇਸਾਂ ਦੇ ਨਿਪਟਾਰੇ ਕਰਨ ਦੇ ਲਈ ਪੰਜਾਬ ਸਰਕਾਰ ਨੇ ਵਿਸ਼ੇਸ਼ ਵੈੱਬਸਾਈਟ ਸ਼ੁਰੂ ਕੀਤੀ ਹੈ। ਐੱਨ ਆਰ ਆਈ ਆਪਣੇ ਪਰਿਵਾਰਕ, ਜਾਇਦਾਦ ਵਾਲੇ ਅਤੇ ਹੋਰਨਾਂ ਕੇਸਾਂ ਦੀ ਪੈਰਵੀ ਇਸ ਵੈੱਬਸਾਈਟ ਰਾਹੀਂ ਕਰ ਸਕਣਗੇ।



ਪੰਜਾਬ ਸਟੇਟ ਪਰਵਾਸੀ ਭਾਰਤੀ ਕਮਿਸ਼ਨ ਦੀ ਇਸ ਵੈੱਬਸਾਈਟ ਨੂੰ ਅੱਜ ਪੰਜਾਬ ਦੇ ਪਰਵਾਸੀ ਭਾਰਤੀਆਂ, ਖੇਡਾਂ ਅਤੇ ਯੁਵਕ ਸੇਵਾਵਾਂ ਦੇ ਮੰਤਰੀ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੇ ਮਿੰਨੀ ਸਕੱਤਰੇਤ ਵਿੱਚ ਇਸ ਕਮਿਸ਼ਨ ਦੇ ਮੁੱਖ ਦਫ਼ਤਰ ਵਿੱਚ ਲਾਂਚ ਕੀਤਾ। ਇਸ ਮੌਕੇ ਰਾਣਾ ਸੋਢੀ ਨੇ ਕਿਹਾ ਕਿ ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀਆਂ ਦੀਆਂ ਇਮੀਗ੍ਰੇਸ਼ਨ, ਸਿਟੀਜ਼ਨਸ਼ਿਪ, ਵਿਆਹ, ਮਾਤਾ-ਪਿਤਾ ਵਿੱਚ ਬੱਚਿਆਂ ਲਈ ਝਗੜੇ, ਪਤੀ-ਪਤਨੀ ਦੀ ਦੇਖ-ਰੇਖ, ਸੰਪਤੀ ਦੀ ਵੰਡ, ਦੇਸ਼ ਤੋਂ ਬਾਹਰ ਬੱਚਾ ਗੋਦ ਲੈਣਾ, ਵਾਰਸ, ਗ਼ੈਰ-ਕਾਨੂੰਨੀ ਪਰਵਾਸ, ਨੌਕਰੀ ਦੇ ਮਾੜੇ ਹਾਲਾਤ, ਭਾਰਤ ਵਿਚਲੀ ਜਾਇਦਾਦ ਦੀ ਕਿਰਾਏਦਾਰੀ, ਸਰੋਗੇਸੀ ਪ੍ਰਬੰਧ ਅਤੇ ਹੋਰ ਮੁੱਦਿਆਂ ਦੇ ਹੱਲ ਲਈ ਪੰਜਾਬ ਰਾਜ ਐਨ ਆਰ ਆਈ ਕਮਿਸ਼ਨ ਸਾਲ 2011 ਵਿੱਚਸ਼ੁਰੂ ਕੀਤਾ ਗਿਆ ਸੀ, ਪਰ ਪਰਵਾਸੀ ਭਾਰਤੀਆਂ ਦੇ ਕੇਸਾਂ ਦੇ ਹੱਲ ਲਈ ਲੋੜੀਂਦੇ ਦਸਤਾਵੇਜ਼ਾਂ ਅਤੇ ਸੂਚਨਾ ਲੈਣ ਦੇਣ ਦੀ ਘਾਟ ਰੜਕਦੀ ਸੀ, ਜਿਸ ਨੂੰ ਪੂਰਾ ਕਰਨ ਲਈ ਇਹ ਵੈੱਬਸਾਈਟ ਲਾਂਚ ਕੀਤੀ ਗਈ ਹੈ।ਮੰਤਰੀ ਨੇ ਕਿਹਾ ਕਿ ਇਸ ਵੈੱਬਸਾਈਟ ਰਾਹੀਂ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਬੈਠੇ ਹੋਏ ਪਰਵਾਸੀ ਭਾਰਤੀ ਕੁਝ ਜ਼ਰੂਰੀ ਦਸਤਾਵੇਜ਼ਾਂ ਸਮੇਤ ਆਪਣੀ ਸ਼ਿਕਾਇਤ ਦਰਜ ਕਰਵਾ ਸਕਣਗੇ। ਸ਼ਿਕਾਇਤਕਰਤਾ ਨੂੰ ਵੈੱਬਸਾਈਟ ਉੱਤੇ ਆਪਣੀ ਸਾਰੀ ਪ੍ਰੇਸ਼ਾਨੀ ਦੇ ਨਾਲ ਸਬੰਧਤ ਚੈੱਕ-ਲਿਸਟ ਅਨੁਸਾਰ ਆਪਣੀ ਸ਼ਿਕਾਇਤ ਦਰਜ ਕਰਾਉਣੀ ਹੋਵੇਗੀ, ਜਿਸ ਪਿੱਛੋਂਉਨ੍ਹਾਂ ਨੂੰ ਭਵਿੱਖਵਿੱਚ ਹਰ ਅਗਲੇਰੀ ਜਾਣਕਾਰੀ ਜਾਂ ਕਾਰਵਾਈ ਲਈ ਵਿਸ਼ੇਸ਼ ਨੰਬਰ ਦਿੱਤਾ ਜਾਵੇਗਾ।

# ਪਾਕਿ ਦੀ ਸਿੰਧ ਵਿਧਾਨ ਸਭਾ ਵਿੱਚ ਇਮਰਾਨ ਖਾਨ ਦੀ ਪਾਰਟੀ ਦੇ ਨੇਤਾ ਆਪੋ ਵਿੱਚ ਭਿੜੇ

* ਜ਼ਮੀਨ ਉੱਤੇ ਸੁੱਟ ਕੇ ਕੁਟਾਪਾ ਚਾੜ੍ਹਿਆ ਜਾਂਦਾ ਵੇਖਿਆ ਗਿਆ

ਇਸਲਾਮਾਬਾਦ, 2 ਮਾਰਚ, (ਪੋਸਟ ਬਿਊਰੋ)- ਪਾਕਿਸਤਾਨ ਦੀ ਸਿੰਧ ਵਿਧਾਨ ਸਭਾ ਵਿਚ ਅੱਜ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਤਹਿਰੀਕ-ਏ-ਇਨਸਾਫ ਪਾਰਟੀ (ਪੀ ਟੀ ਆਈ) ਦੇ ਨੇਤਾ ਆਪੋ ਵਿਚ ਲੜ ਪਏ ਅਤੇ ਹਾਲਤ ਇੰਨੇ ਬੇਕਾਬੂ ਹੋ ਗਏ ਕਿ ਨੇਤਾ ਇਕ-ਦੂਸਰੇ ਨੂੰ ਜ਼ਮੀਨ ਉੱਤੇ ਸੁੱਟ-ਸੁੱਟ ਕੇ ਕਾਫੀ ਦੇਰ ਤੱਕ ਕੁੱਟਦੇ ਦਿਖਾਈ ਦਿੱਤੇ। ਅਸੈਂਬਲੀ ਅੰਦਰਲੇ ਕਈ ਵੀਡੀਓ ਰਿਕਾਰਡਇਸ ਦੇ ਬਾਅਦ ਸੋਸ਼ਲ ਮੀਡੀਆ ਉੱਤੇ ਵਾਇਰਲ ਹੋ ਰਹੇ ਹਨ।

ਅਸਲ ਵਿਚਮਾਮਲਾ ਸੈਨੇਟ ਚੋਣਾਂ ਬਾਰੇ ਸੀ ਤੇ ਪਾਰਟੀ ਦੇ ਤਿੰਨ ਵਿਧਾਇਕਾਂ ਅਸਲਮ ਆਬਰੋ, ਸ਼ਹਿਰਵਾਰ ਸ਼ਾਰ ਅਤੇ ਕਰੀਮ ਬਖਸ਼ ਗਬੋਲ ਨੇ ਐਲਾਨ ਕੀਤਾ ਸੀ ਕਿ ਉਹ ਆਪਣੇ ਮਨ ਮੁਤਾਬਕ ਸੈਨੇਟ ਚੋਣਾਂ ਵਿੱਚ ਵੋਟ ਦੇਣਗੇ। ਇਸ ਮੌਕੇ ਪੀ ਟੀ ਆਈ ਦੇ ਉਮੀਦਵਾਰਾਂ ਨੂੰ ਵੋਟ ਨਾ ਦੇਣ ਤੋਂ ਨਾਰਾਜ਼ ਨੇਤਾਵਾਂ ਨੇ ਇਨ੍ਹਾਂ ਤਿੰਨੇ ਨੇਤਾਵਾਂ ਨੂੰ ਬਾਗੀ ਕਰਾਰ ਦਿੱਤਾ ਅਤੇ ਉਨ੍ਹਾਂ ਦੇ ਵਿਧਾਨ ਸਭਾ ਵਿਚ ਦਾਖਲ ਹੁੰਦੇ ਸਾਰ ਉਨ੍ਹਾਂ ਉੱਤੇ ਹਮਲਾ ਬੋਲ ਦਿੱਤਾ। ਇਸ ਪਿੱਛੋਂ ਆਪੋ ਵਿਚ ਲੜ ਰਹੇ ਨੇਤਾਵਾਂ ਨੂੰ ਰੋਕਣ ਲਈ ਪਾਕਿਸਤਾਨ ਪੀਪਲਜ਼ ਪਾਰਟੀ ਦੇ ਨੇਤਾ ਵੀ ਅੱਗੇ ਆਏ ਤਾਂ ਮਾਮਲਾ ਹੋਰ ਵਧ ਗਿਆ। ਵੀਡੀਓ ਵਿਚ ਦਿਖਾਈ ਦੇਂਦਾ ਹੈ ਕਿ ਵਿਧਾਨ ਸਭਾ ਦੇ ਅੰਦਰ ਹੰਗਾਮਾ ਮੱਚਿਆ ਹੋਇਆ ਹੈ, ਜਿਸ ਵਿੱਚ ਭੀੜ ਇਕ ਨੇਤਾ ਨੂੰ ਹੇਠਾਂ ਸੁੱਟ ਦਿੰਦੀ ਹੈ। ਕਈ ਮੈਂਬਰ ਉੱਠ ਕੇ ਬਾਹਰ ਚਲੇ ਗਏ, ਪਰ ਗੁੱਸੇ ਵਿਚ ਆਏ ਨੇਤਾ ਆਪਸ ਵਿਚ ਲੜਦੇ ਰਹੇ।

ਜੀਓ ਨਿਊਜ਼ ਦੇ ਮੁਤਾਬਕ ਅਸਲਮ ਆਬਰੋ ਨੇ ਦੋਸ਼ ਲਾਇਆ ਕਿ ਸੈਨੇਟ ਉਮੀਦਵਾਰਾਂ ਦੇ ਟਿਕਟ ਵੇਚੇ ਗਏ ਸਨ ਅਤੇ ਉਹ ਸੈਫੁੱਲਾ ਆਬਰੋ ਅਤੇ ਫੈਸਲ ਵਾਵਡਾ ਦੀ ਚੋਣ ਨਾਲ ਸਹਿਮਤ ਨਹੀਂ ਹਨ। ਉਨ੍ਹਾਂ ਨੇ ਸਾਫ ਕਹਿ ਦਿੱਤਾ ਕਿ ਉਹ ਪਾਰਟੀਲਾਈਨ ਉੱਤੇ ਵੋਟ ਨਹੀਂ ਦੇਣਗੇ, ਆਪਣੀ ਮਰਜ਼ੀ ਕਰਨਗੇ।

## ਮਿਆਂਮਾਰ ਵਿੱਚ ਗੱਦੀਓਂ ਲਾਹੀ ਗਈ ਆਂਗ ਸਾਨ ਸੂ ਕੀ ਅਦਾਲਤ ਵਿੱਚ ਪੇਸ਼ ਕੀਤੀ ਗਈ

ਨੇ ਪਾਈ ਤਾਅ, 2 ਮਾਰਚ (ਪੋਸਟ ਬਿਊਰੋ)- ਮਿਆਂਮਾਰ ਦੀ ਬਰਖਾਸਤ ਨੇਤਾ ਆਂਗ ਸਾਨ ਸੂ ਕੀ ਬੀਤੇ ਦਿਨ ਵੀਡੀਓ ਕਾਨਫਰੰਸਿੰਗ ਰਾਹੀਂ ਅਦਾਲਤ ਵਿੱਚ ਪੇਸ਼ ਹੋਈ। ਉਨ੍ਹਾਂ 'ਤੇ ਦੋ ਹੋਰ ਦੋਸ਼ ਲਾਏ ਗਏ ਹਨ। ਸਮਰਥਕਾਂ ਦਾ ਕਹਿਣਾ ਹੈ ਕਿ ਇਹ ਬੇਬੁਨਿਆਦ ਹਨ। ਪੇਸ਼ੀ ਦੌਰਾਨ ਸੂ ਕੀ ਪੂਰੀ ਤਰ੍ਹਾਂ ਸਿਹਤਮੰਦ ਲੱਗਦੀ ਸੀ।

ਇਸ ਦੌਰਾਨ ਸੂ ਕੀ ਨੇ ਆਪਣੇ ਵਕੀਲਾਂ ਨਾਲ ਮਿਲਣ ਦੀ ਇੱਛਾ ਪ੍ਰਗਟਾਈ ਹੈ। ਅਗਲੀ ਸੁਣਵਾਈ 15 ਮਾਰਚ ਨੂੰ ਹੋਵੇਗੀ। ਪਹਿਲੀ ਫਰਵਰੀ ਨੂੰ ਹੋਏ ਤਖਤਾ ਪਲਟ ਤੋਂ ਬਾਅਦ ਇਹ ਪਹਿਲਾ ਮੌਕਾ ਸੀ, ਜਦੋਂ ਸੂ ਕੀ ਨੂੰ ਜਨਤਕ ਤੌਰ 'ਤੇ ਦੇਖਿਆ ਗਿਆ ਹੈ। ਇਸ ਦੌਰਾਨ ਕੱਲ੍ਹ ਫਿਰ ਦੇਸ਼ ਦੇ ਸਭ ਤੋਂ ਵੱਡੇ ਸ਼ਹਿਰ ਯੰਗੂਨ ਵਿੱਚ ਲੋਕਤੰਤਰ ਸਮਰਥਕ ਸੜਕਾਂ 'ਤੇ ਉਤਰੇ। ਪੁਲਸ ਨੇ ਉਨ੍ਹਾਂ ਨੂੰ ਤਿਤਰ-ਬਿਤਰ ਕਰਨ ਲਈ ਸਟੇਨ ਗ੍ਰਨੇਡ ਅਤੇ ਅੱਥਰੂ ਗੈਸ ਦੇ ਗੋਲੇ ਦਾਗੇ, ਪਰ ਕਿਸੇ ਤਰ੍ਹਾਂ ਦੇ ਜਾਨ-ਮਾਲ ਦੇ ਨੁਕਸਾਨ ਦੀ ਖਬਰ ਨਹੀਂ ਹੈ।

# ਲੋਕ ਇਨਸਾਫ ਪਾਰਟੀ ਛੱਡ ਕੇ ਮਨਵਿੰਦਰ ਗਿਆਸਪੁਰਾ ਆਮ ਆਦਮੀ ਪਾਰਟੀ ਵਿਚ ਸ਼ਾਮਲ

ਚੰਡੀਗੜ੍ਹ, 2 ਮਾਰਚ, (ਪੋਸਟ ਬਿਊਰੋ)- ਪੰਜਾਬ ਵਿੱਚ ਆਮ ਆਦਮੀ ਪਾਰਟੀ ਨੂੰ ਉਸ ਸਮੇਂ ਮਜ਼ਬੂਤੀ ਮਿਲੀ, ਜਦੋਂ ਲੋਕ ਇਨਸਾਫ ਪਾਰਟੀ ਦੇ ਸੀਨੀਅਰ ਆਗੂ ਮਨਵਿੰਦਰ ਸਿੰਘ ਗਿਆਸਪੁਰਾ ਇਸ ਪਾਰਟੀ ਵਿੱਚ ਸ਼ਾਮਲ ਹੋ ਗਏ। ਉਹ ਅੱਜ ਆਮ ਆਦਮੀ ਪਾਰਟੀ ਦੇ ਪੰਜਾਬ ਦੇ ਇੰਚਾਰਜ ਜਰਨੈਲ ਸਿੰਘ, ਪੰਜਾਬ ਵਿਧਾਨ ਸਭਾ ਵਿੱਚਆਪੋਜ਼ੀਸ਼ਨਆਗੂ ਹਰਪਾਲ ਸਿੰਘ ਚੀਮਾਤੇ ਪਾਰਟੀ ਯੂਥ ਵਿੰਗ ਦੀ ਸਹਿ-ਪ੍ਰਧਾਨ ਅਨਮੋਲ ਗਗਨ ਮਾਨ ਦੀ ਹਾਜ਼ਰੀ ਵਿੱਚਇਸ ਪਾਰਟੀਵਿੱਚ ਸ਼ਾਮਲ ਹੋਏ। ਆਮ ਆਦਮੀ ਪਾਰਟੀਆਗੂਆਂ ਨੇ ਉਨ੍ਹਾਂ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਅੱਜ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਨੂੰ ਇਕ ਆਸ ਦੀ ਕਿਰਨ ਵਜੋਂ ਦੇਖ ਰਹੇ ਹਨ ਅਤੇ ਇਸ ਤੋਂ ਵੱਡੀਆਂ ਆਸਾਂ ਰੱਖਦੇ ਹਨ।



ਵਰਨਣ ਯੋਗ ਹੈ ਕਿ ਮਨਵਿੰਦਰ ਸਿੰਘ ਗਿਆਸਪੁਰਾ ਨੇ ਹੋਂਦ ਚਿੱਲੜ ਹੱਤਿਆਕਾਂਡ ਦਾ ਸੱਚ ਸਾਹਮਣੇ ਲਿਆਉਣ ਵਿੱਚ ਅਹਿਮ ਭੂਮਿਕਾ ਨਿਭਾਈ ਸੀ ਅਤੇ ਸਾਲ 2019 ਵਿੱਚ ਫਤਿਹਗੜ੍ਹ ਸਾਹਿਬ ਤੋਂ ਲੋਕ ਇਨਸਾਫ ਪਾਰਟੀ ਵੱਲੋਂ ਲੋਕ ਸਭਾ ਦੀ ਚੋਣ ਲੜੀ ਤਾਂ ਉਨ੍ਹਾਂ ਨੂੰ 1 ਲੱਖ 42 ਹਜ਼ਾਰ ਤੋਂ ਵੱਧ ਵੋਟਾਂ ਮਿਲੀਆਂ ਸਨ। ਉਹ ਹੋਂਦ ਚਿੱਲੜ ਕੇਸ ਦੇ ਕਾਰਨ ਹੀ ਸਿੱਖ ਭਾਈਚਾਰੇ ਵਿੱਚ ਸਤਿਕਾਰੇ ਜਾਂਦੇ ਹਨ। ਅੱਜ ਗਿਆਸਾਪੁਰਾ ਨੇ ਕਿਹਾ ਕਿ ਉਹ ਲੋਕਾਂ ਦੀ ਸੇਵਾ ਕਰਨਾ ਚਾਹੁੰਦੇ ਹਨ ਅਤੇ ਪੰਜਾਬ ਦੇ ਲੋਕਾਂ ਦੇ ਜੀਵਨ ਵਿਚਬਦਲਾਅ ਲਿਆਉਣਾ ਚਾਹੁੰਦੇ ਹਨ। ਆਪਣਾ ਉਦੇਸ਼ ਪੂਰਾ ਕਰਨ ਲਈ ਮਨਵਿੰਦਰ ਸਿੰਘ ਗਿਆਸਪੁਰਾ ਨੇ ਆਮ ਆਦਮੀ ਪਾਰਟੀਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਹੈ।

# ਅਕਾਲੀ ਦਲ ਨੇ ਸਪੀਕਰ ਨੂੰ ਹੰਗਾਮੀ ਕਿਸਾਨ ਮੁੱਦਿਆਂ ਉੱਤੇ ਚਰਚਾ ਕਰਾਉਣ ਲਈ ਕਿਹਾ

* ਮਜੀਠੀਆ ਤੇ ਹਰਮਿੰਦਰ ਗਿੱਲ ਵਿਧਾਨ ਸਭਾ ਵਿੱਚ ਭਿੜ ਗਏ

ਚੰਡੀਗੜ੍ਹ, 2 ਮਾਰਚ, (ਪੋਸਟ ਬਿਊਰੋ)- ਅਕਾਲੀ ਵਿਧਾਇਕ ਦਲ ਨੇ ਅੱਜਪੰਜਾਬ ਵਿਧਾਨ ਸਭਾ ਦੇ ਸਪੀਕਰ ਨੂੰ ਬੇਨਤੀ ਕੀਤੀ ਕਿ ਪੰਜਾਬ ਦੇ ਕਿਸਾਨਾਂ ਦੇ ਮਸਲਿਆਂ ਉੱਤੇ ਚਰਚਾ ਲਈ ਦੋ ਦਿਨ ਰੱਖੇ ਜਾਣ ਅਤੇ ਕਾਂਗਰਸ ਸਰਕਾਰ ਸਬਜ਼ੀਆਂ ਤੇ ਫਲਾਂ ਲਈ ਘੱਟੋ-ਘੱਟ ਸਮਰਥਨ ਮੁੱਲ (ਐਮ ਐਸ ਪੀ) ਦਾ ਐਲਾਨ ਵੀ ਕਰੇ।



ਇਸ ਬਾਰੇ ਅਕਾਲੀ ਵਿਧਾਇਕ ਦਲ, ਜਿਸ ਨੇ ਸ਼ਰਨਜੀਤ ਸਿੰਘ ਢਿੱਲੋਂ ਦੀ ਅਗਵਾਈ ਹੇਠ ਸਪੀਕਰ ਰਾਣਾ ਕੇ ਪੀ ਸਿੰਘ ਨੂੰ ਮੰਗ ਪੱਤਰ ਸੌਂਪਿਆ ਹੈ, ਨੇ ਕਿਹਾ ਕਿ ਦੋ ਦਿਨਾਂ ਦੀ ਚਰਚਾ ਦੌਰਾਨ ਕਿਸਾਨਾਂ ਲਈ ਪੂਰਨ ਕਰਜ਼ਾ ਮੁਆਫੀ ਦੇ ਵਾਅਦੇ, ਕਿਸਾਨ ਖੁਦਕੁਸ਼ੀਆਂਅਤੇ ਕਾਂਗਰਸ ਸਰਕਾਰ ਵੱਲੋਂ ਖੇਤੀ ਕਾਨੂੰਨ ਰੱਦ ਕਰਨ ਦਾ ਮਾਮਲਾ ਕੇਂਦਰ ਸਰਕਾਰ ਕੋਲ ਚੁੱਕਣ ਵਿਚ ਅਸਫਲ ਰਹਿਣਬਾਰੇ ਚਰਚਾ ਕੀਤੀ ਜਾਵੇ ਤੇ ਇਨ੍ਹਾਂ ਹਾਲਾਤਾਂ ਵਿਚੋਂ ਨਿਕਲਣ ਦਾ ਰਾਹ ਤੈਅ ਕੀਤਾ ਜਾਵੇ। ਮੰਗ ਪੱਤਰ ਵਿਚ ਕਿਹਾ ਗਿਆ ਕਿ ਇਸ ਵਿੱਚੋਂ ਨਿਕਲਣ ਦਾ ਇਕ ਤਰੀਕਾ ਫੌਰੀ ਤੌਰ ਉੱਤੇ ਸਬਜ਼ੀਆਂ ਅਤੇ ਫਲਾਂ ਲਈ ਐਮ ਐਸ ਪੀ ਦਾ ਐਲਾਨ ਕਰਨਾ ਹੈ, ਜਿਸ ਨਾਲ ਸਬਜ਼ੀਆਂ ਅਤੇ ਖਾਸ ਕਰ ਕੇ ਆਲੂ ਉਤਪਾਦਕਾਂ ਦੇ ਨਾਲ-ਨਾਲ ਕਿੰਨੂ ਉਤਪਾਦਕਾਂ ਤੇ ਹੋਰਨਾਂ ਨੂੰ ਲੋੜੀਂਦੀ ਸੁਰੱਖਿਆ ਮਿਲ ਜਾਵੇਗੀ। ਅਕਾਲੀ ਵਿਧਾਇਕਾਂ ਨੇ ਸਪੀਕਰ ਨੂੰ ਦੱਸਿਆ ਕਿ ਪੰਜਾਬ ਖੇਤੀ ਸੰਕਟ ਵਿਚ ਫਸਿਆ ਹੋਇਆ ਹੈ ਅਤੇ ਇਸ ਦਾ ਵੱਡਾ ਕਾਰਨ ਮੌਜੂਦਾ ਕੈਪਟਨ ਅਮਰਿੰਦਰ ਸਿੰਘ ਵੱਲੋਂ ਜਨਵਰੀ 2017 ਵਿਚ ਤਲਵੰਡੀ ਸਾਬੋ ਵਿਖੇ ਗੁਟਕਾ ਸਾਹਿਬ ਤੇ ਦਸਮ ਪਿਤਾ ਦੇ ਨਾਂ ਉੱਤੇ ਸਹੁੰ ਚੁੱਕ ਕੇ ਕੀਤਾ ਕਿਸਾਨਾਂ ਦੀ ਪੂਰਨ ਕਰਜ਼ਾ ਮੁਆਫੀ ਦਾ ਵਾਅਦਾ ਪੂਰਾ ਨਾ ਹੋਣਾ ਹੈ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਸਾਫ ਵਾਅਦਾ ਕੀਤਾ ਸੀ ਕਿ ਜੇ ਕਾਂਗਰਸ ਪਾਰਟੀ ਪੰਜਾਬ ਵਿਚ ਸਰਕਾਰ ਬਣਾ ਲਵੇ ਤਾਂ ਕਿਸਾਨਾਂ ਦੇ ਸਾਰੇ ਕਰਜ਼ੇ ਮੁਆਫ ਕੀਤੇ ਜਾਣਗੇ, ਭਾਵੇਂ ਉਹ ਸਰਕਾਰੀ ਜਾਂ ਪ੍ਰਾਈਵੇਟ ਬੈਂਕਾਂ ਦੇ ਹੋਣ, ਕੋਆਪਰੇਟਿਵ ਸੋਸਾਈਟੀਆਂ ਦੇ ਜਾਂ ਆੜ੍ਹਤੀਆਂ ਦੇ ਕਰਜ਼ੇ ਹੋਣ। ਅਕਾਲੀ ਵਿਧਾਇਕਾਂ ਨੇ ਕਿਹਾ ਕਿ ਕਾਂਗਰਸ ਸਰਕਾਰ ਆਪਣਾ ਪੂਰਨ ਕਰਜ਼ਾ ਮੁਆਫੀ ਦਾ ਵਾਅਦਾ ਪੂਰਾ ਕਰਨ ਵਿਚ ਫੇਲ੍ਹ ਹੋ ਗਈ ਹੈ, ਜਿਸ ਕਾਰਨ 1500 ਕਿਸਾਨਾਂ ਨੇ ਖੁਦਕੁਸ਼ੀਆਂ ਕੀਤੀਆਂ ਤੇ ਕਰਜ਼ਿਆਂ ਵਿਚ ਡੁੱਬ ਗਏ, ਕਿਉਂਕਿ ਉਨ੍ਹਾਂਮੁੱਖ ਮੰਤਰੀ ਉੱਤੇ ਭਰੋਸਾ ਕਰ ਲਿਆ ਤੇ ਕਰਜ਼ਿਆਂ ਦੀਆਂ ਕਿਸ਼ਤਾਂ ਨਹੀਂ ਸਨ ਭਰੀਆਂ।

ਇਸ ਦੌਰਾਨ ਪੰਜਾਬ ਅਸੈਂਬਲੀਦੇ ਸੈਸ਼ਨ ਦਾ ਅੱਜ ਦੂਸਰਾ ਫਿਰ ਤੂੰ-ਤੂੰ, ਮੈਂ-ਮੈਂ ਦੇ ਮਾਹੌਲ ਵਾਲਾ ਬਣ ਗਿਆ। ਪੱਟੀ ਤੋਂ ਕਾਂਗਰਸ ਵਿਧਾਇਕ ਹਰਮਿੰਦਰ ਸਿੰਘ ਗਿੱਲਅਤੇ ਅਕਾਲੀ ਦਲ ਦੇ ਵਿਧਾਇਕ ਬਿਕਰਮ ਸਿੰਘ ਮਜੀਠੀਆ ਅੱਜ ਮੰਗਲਵਾਰ ਆਪੋਵਿੱਚ ਭਿੜ ਗਏ। ਇਹ ਝਗੜਾ ਉਦੋਂ ਸ਼ੁਰੂ ਹੋਇਆ, ਜਦੋਂ ਹਰਮਿੰਦਰ ਸਿੰਘ ਗਿੱਲ ਨੇ ਸਾਕਾ ਨਨਕਾਣਾ ਦੇ ਕਤਲੇਆਮ ਦੌਰਾਨ ਸੁੰਦਰ ਸਿੰਘ ਮਜੀਠੀਆ ਵੱਲੋਂ ਮਹੰਤ ਨਰਾਇਣ ਦਾਸ ਨੂੰ ਹਮਾਇਤ ਦੇਣ ਦਾ ਮੁੱਦਾ ਉਠਾਇਆ। ਇਸ ਉੱਤੇ ਉਲਟ ਵਾਰ ਕਰਦੇ ਹੋਏ ਮਜੀਠੀਆ ਨੇ ਗਿੱਲਉੱਤੇ ਇੱਕ ਮਰਹੂਮ ਪੁਲਿਸ ਅਫ਼ਸਰ ਨਾਲ ਸੰਬੰਧ ਰੱਖਣ ਬਾਰੇ ਦੋਸ਼ ਲਾਏ, ਜਿਸ ਨੂੰ ਖਾੜਕੂਵਾਦ ਦੇ ਦੌਰ ਵਿੱਚਸਿੱਖਾਂ ਨੂੰ ਮਾਰੇ ਜਾਣ ਲਈ ਦੋਸ਼ੀ ਕਿਹਾ ਜਾਂਦਾ ਹੈ।

## ਭਾਰਤ ਨਾਲ ਝੜਪ ਕਰਾਉਣ ਵਾਲੇ ਜਰਨੈਲ ਨੂੰ ਚੀਨ ਦਾ ਵੱਡਾ ਅਹੁਦਾ

ਬੀਜਿੰਗ, 2 ਮਾਰਚ (ਪੋਸਟ ਬਿਊਰੋ)- ਭਾਰਤ-ਚੀਨ ਦੇ ਫੌਜੀਆਂ ਵਿਚਕਾਰ ਝੜਪ ਦੇ ਅਸਲੀ ਆਗੂ ਜਨਰਲ ਝਾਓ ਜੋਂਗਕੀ ਨੂੰ ਸ਼ੀ ਜਿਨਪਿੰਗ ਸਰਕਾਰ ਨੇ ਅਹਿਮ ਅਹੁਦਾ ਦਿੱਤਾ ਹੈ।

ਚੀਨੀ ਫੌਜ (ਪੀ ਐਲ ਏ) ਦੇ ਇਸ ਸਾਬਕਾ ਚੋਟੀ ਦੇ ਕਮਾਂਡਰ ਨੂੰ ਚੀਨ ਦੀ ਪਾਰਲੀਮੈਂਟ (ਨੈਸ਼ਨਲ ਪੀਪਲਜ਼ ਕਾਂਗਰਸ) ਦੀ ਪ੍ਰਭਾਵਸ਼ਾਲੀ ਵਿਦੇਸ਼ ਮਾਮਲਿਆਂ ਦੀ ਕਮੇਟੀ ਦਾ ਡਿਪਟੀ ਚੇਅਰਮੈਨ ਲਾਇਆ ਗਿਆ ਹੈ। ਝਾਓ ਭਾਰਤ ਨਾਲ ਲੱਗਦੀ ਤਿੱਬਤ ਸਰਹੱਦ 'ਤੇ ਦੋ ਦਹਾਕਿਆਂ ਤੱਕ ਤੈਨਾਤ ਰਿਹਾ ਹੈ।65 ਸਾਲਾਂ ਦੇ ਝਾਓ ਸਾਲ 2017 ਵਿੱਚ ਡੋਕਲਾਮ ਅਤੇ ਸਾਲ 2020 ਵਿੱਚ ਲੱਦਾਖ ਤਣਾਅ ਦੌਰਾਨ ਪੱਛਮੀ ਕਮਾਂਡ ਦਾ ਮੁਖੀ ਸੀ।

ਵਰਨਣ ਯੋਗ ਹੈ ਕਿ ਪੀ ਐਲ ਏ ਦੇ ਨਿਯਮਾਂ ਤਹਿਤ ਫੌਜ ਦੇ ਚੋਟੀ ਦੇ ਜਨਰਲ ਦੀ ਸੇਵਾਮੁਕਤੀ ਦੀ ਉਮਰ 65 ਸਾਲ ਹੈ। ਝਾਓ ਦੀ ਇਹ ਨਿਯੁਕਤੀ ਪੰਜ ਮਾਰਚ ਨੂੰ ਹੋਣ ਵਾਲੀ ਐਨ ਪੀ ਸੀ ਦੀ ਸਾਲਾਨਾ ਮੀਟਿੰਗ ਤੋਂ ਪਹਿਲੇ ਕੀਤੀ ਗਈ ਹੈ। ਸਾਲ ਵਿੱਚ ਇੱਕ ਵਾਰ ਐਨ ਸੀ ਪੀ ਅਤੇ ਉਸ ਦਾ ਸਲਾਹਕਾਰੀ ਅਦਾਰਾ ਚੀਨੀ ਪੀਪਲਜ਼ ਪੋਲੀਟੀਕਲ ਕੰਸਲਟੇਟਿਵ ਕਾਨਫਰੰਸ (ਸੀ ਪੀ ਪੀ ਸੀ ਸੀ) ਦੀ ਮੀਟਿੰਗ ਹੁੰਦੀ ਹੈ। ਝਾਓ ਨੇ ਚੀਨੀ ਫੌਜ ਨੂੰ ਗਲਵਾਨ ਘਾਟੀ ਵਿੱਚ ਹਮਲੇ ਦਾ ਹੁਕਮ ਦਿੱਤਾ ਸੀ। ਜਨਰਲ ਝਾਓ ਜੋਂਗਕੀ ਪਹਿਲਾਂ ਵੀ ਭਾਰਤ ਨਾਲ ਕਈ ਝੜਪਾਂ ਕਰਵਾ ਚੁੱਕਾ ਹੈ। ਦੱਸਿਆ ਜਾਂਦਾ ਹੈ ਕਿ ਇਸ ਝੜਪ ਵਿੱਚ ਭਾਰਤ ਦੇ ਜਿੱਥੇ ਵੀਹ ਜਵਾਨ ਸ਼ਹੀਦ ਹੋਏ ਉਥੇ ਚੀਨ ਦੇ ਚਾਲੀ ਤੋਂ ਉਪਰ ਫੌਜੀ ਮਾਰੇ ਗਏ।


REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



NEED A LAWYER ??
Red Seal NOTARY
KAUR LAW OFFICE
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
FAMILY LAWYER
• Child & Spousal support
• Custody & Access
• Divorce
• Equalization
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
MANJEET KAUR
LL.B., (London UK)
Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

# ਇਟਲੀ ਦੀ ਗਾਇਕ ਲਾਉਰਾ ਪਾਉਸੀਨੀ ਨੇ 'ਗੋਲਡਨ ਗਲੋਬ' ਸੰਗੀਤਕ ਇਨਾਮ ਜਿੱਤਿਆ

ਵੈਨਿਸ, 2 ਮਾਰਚ (ਪੋਸਟ ਬਿਊਰੋ)- ਕਰੋੜਾਂ ਸੰਗੀਤ ਪ੍ਰੇਮੀਆਂ ਦੇ ਦਿਲਾਂ ਉੱਤੇ ਰਾਜ ਕਰਨ ਵਾਲੀ ਇਟਲੀ ਦੀ ਪੌਪ ਗਾਇਕਾ ਲਾਉਰਾ ਪਾਉਸੀਨੀ ਨੇ ਸੰਗੀਤ ਖੇਤਰ ਵਿੱਚ ਵਿਸ਼ਵ ਪੱਧਰੀ ਇਨਾਮ ਜਿੱਤ ਲਿਆ ਹੈ।

ਹਾਲੀਵੁੱਡ ਪ੍ਰੈਸ ਮੈਂਬਰਜ਼ ਕੌਂਸਲ ਦੁਆਰਾ ਨਿਊਯਾਰਕ ਵਿਖੇ ਕਰਵਾਏ ਗਏ ਇਸ ਵੱਕਾਰੀ ਸੰਗੀਤਕ ਮੁਕਾਬਲੇ ਦੇ 78ਵੇਂ ਆਡੀਸ਼ਨ ਵਿੱਚ ਲਾਉਰਾ ਪਾਉਸੀਨੀ ਵੱਲੋਂ ਫ਼ਿਲਮ 'ਲਾਇਫ ਇਜ ਅਹੈਡ' ਵਿੱਚ ਗਾਏ ਗੀਤ 'ਸੀਨ' ਨੂੰ ਪਹਿਲਾਂ ਸਥਾਨ ਮਿਲਿਆ ਹੈ। ਲਾਉਰਾ ਪਾਉਸੀਨੀ ਇਹ ਇਨਾਮ ਜਿੱਤਣ ਵਾਲੀ ਵਿਸ਼ਵ ਦੀ ਦੂਜੀ ਔਰਤ ਗਾਇਕਾ ਹੈ। ਇਸ ਤੋਂ ਪਹਿਲਾਂ ਸਾਲ 1984 ਵਿੱਚ ਬਾਰਬਰਾ ਨਾਂਅ ਦੀ ਗਾਇਕਾ ਨੇ ਇਹ ਇਨਾਮ ਜਿੱਤਿਆ ਸੀ। ਇਟਲੀ ਦੇ ਫਾਏਸੇ ਸ਼ਹਿਰ ਦੀ ਜੰਮਪਲ ਇਸ ਪੌਪ ਗਾਇਕਾ ਲਾਉਰਾ ਨੇ ਆਪਣਾ ਸੰਗੀਤਕ ਸਫਰ 1993 ਵਿੱਚ ਸ਼ੁਰੂ ਕੀਤਾ ਸੀ। ਉਸਦਾ ਸਭ ਤੋਂ ਪਹਿਲਾ ਹਿੱਟ ਗੀਤ 'ਇਨਨਾਮੁਰਾਤਾ' ਕਾਫ਼ੀ ਚਰਚਾ ਵਿੱਚ ਰਿਹਾ ਸੀ। ਵੈਰੋਨਾ ਸਥਿਤ ਇਤਿਹਾਸਕ ਓਪੇਰਾ ਥੀਏਟਰ ਵਿੱਚ ਸਤੰਬਰ 2018 ਵਿੱਚ ਹੋਇਆ ਉਸ ਦਾ ਲਾਇਵ ਸ਼ੋਅ ਸਰੋਤਿਆਂ ਦੀ ਗਿਣਤੀ ਪੱਖੋਂ ਇਟਲੀ ਦਾ ਭਾਰੀ ਇਕੱਠ ਵਾਲਾ ਸ਼ੋਅ ਸਾਬਤ ਹੋਇਆ ਸੀ। 28 ਸਾਲ ਪਹਿਲਾਂ ਉਹ ਇਟਲੀ ਦਾ ਸਾਲਾਨਾ ਸੰਗੀਤਕ ਮੁਕਾਬਲਾ 'ਸਨਰੇਮੋ' ਵੀ ਜਿੱਤ ਚੁੱਕੀ ਹੈ।

# ਦੀਪ ਸਿੱਧੂ ਦੇ ਮੁੱਦੇ ਉੱਤੇ ਬਿਕਰਮ ਮਜੀਠੀਆ ਅਤੇ ਮਨਜਿੰਦਰ ਸਿਰਸਾ ਦੇ ਵੱਖੋ-ਵੱਖਰੇ ਪੈਂਤੜੇ

ਚੰਡੀਗੜ੍ਹ, 2 ਮਾਰਚ, (ਪੋਸਟ ਬਿਊਰੋ)- ਤਿੰਨ ਖੇਤੀ ਬਿੱਲਾਂ ਵਿਰੁੱਧ ਸੰਘਰਸ਼ ਲਈ 26 ਜਨਵਰੀ ਨੂੰ ਦਿੱਲੀ ਵਿੱਚ ਕੱਢੀ ਗਈ ਟਰੈਕਟਰ ਪਰੇਡ ਦੌਰਾਨ ਲਾਲ ਕਿਲ੍ਹੇ ਉੱਤੇ ਵਾਪਰੀ ਹਿੰਸਾ ਦੇ ਮੁੱਖ ਦੋਸ਼ੀ ਮੰਨੇ ਜਾਂਦੇ ਦੀਪ ਸਿੱਧੂ ਦੀ ਪੈਰਵੀ ਕਰਨ ਦੇ ਸੰਬੰਧ ਵਿੱਚ ਅੱਜ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਤੇ ਦਿੱਲੀਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਇੱਕ ਦੂਸਰੇ ਤੋਂ ਉਲਟ ਖੜੇ ਹੋ ਗਏ।

ਦਿੱਲੀ ਵਿੱਚ ਅਕਾਲੀ ਦਲ ਦੇ ਵੱਡੇਆਗੂਅਤੇ ਦਿੱਲੀ ਸਿੱਖ ਗੁਰਦੁ-ਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਕੱਲ੍ਹ ਕਿਹਾ ਸੀ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਪ ਸਿੱਧੂ ਨੂੰ ਉਸ ਕੇਸ ਵਿੱਚ ਕਾਨੂੰਨੀ ਮਦਦਹਾਸਲ ਕਰਵਾਏਗੀ। ਅੱਜ ਬਿਕਰਮ ਸਿੰਘ ਮਜੀਠੀਆ ਨੇ ਆਖਿਆ ਕਿ ਅਕਾਲੀ ਦਲ ਸ਼ਾਂਤਮਈ ਅੰਦੋਲਨ ਕਰਨ ਦਾ ਸਮੱਰਥਨ ਕਰਦਾ ਹੈ। ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਅਕਾਲੀ ਦਲ ਸ਼ਾਂਤਮਈ ਦਾ ਹਿਮਾਇਤੀ ਹੈ ਅਤੇ ਹਰ ਉਸ ਵਿਅਕਤੀ ਨਾਲ ਖੜ੍ਹਾ ਹੈ, ਜਿਸ ਨਾਲ ਸਰਕਾਰ ਧੱਕਾ ਕਰਦੀ ਪਈ ਹੈ, ਪਰ ਉਸ ਵਿਅਕਤੀ ਦਾ ਸਾਥ ਨਹੀਂ ਦੇਵੇਗਾ, ਜਿਹੜਾ ਭਾਜਪਾ ਦੇ ਇਸ਼ਾਰੇ



ਉੱਤੇ ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰਦਾ ਹੈ।

ਇਸ ਦੌਰਾਨ ਦਿੱਲੀ ਵਿੱਚ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਹੈ ਕਿ ਜੇਲ੍ਹ ਵਿਚ ਬੰਦ ਦੀਪ ਸਿੱਧੂਲਈ ਕਾਨੂੰਨੀ ਮਦਦ ਜ਼ਰੂਰ ਦਿੱਤੀ ਜਾਵੇਗੀ। ਦੀਪ ਸਿੱਧੂ 26 ਜਨਵਰੀ ਨੂੰ ਲਾਲ ਕਿਲ੍ਹੇ ਉੱਤੇ ਹਿੰਸਾ ਦੇ ਕੇਸ ਵਿੱਚ ਜੇਲ੍ਹ ਵਿਚ ਬੰਦ ਹੈ ਤੇ ਦਿੱਲੀ ਪੁਲਿਸ ਦੀਪ ਸਿੱਧੂ ਨੂੰ ਦਿੱਲੀ ਹਿੰਸਾ ਦਾ ਮੁੱਖ ਦੋਸ਼ੀ ਮੰਨਦੀ ਹੈ। ਸਿਰਸਾ ਨੇ ਇਸ ਬਾਰੇ ਟਵੀਟ ਵਿੱਚ ਲਿਖਿਆ ਕਿ'ਮੈਨੂੰ ਕਈ ਲੋਕਾਂ ਨੇ ਦੀਪ ਸਿੱਧੂ ਨਾਲ ਗੱਲ ਕਰਨ ਨੂੰ ਕਿਹਾ ਸੀ, ਜਿਸ ਤੋਂ ਬਾਅਦ ਮੈਂ ਉਸ ਨਾਲ ਟੈਲੀਫੋਨ ਉੱਤੇ ਗੱਲ ਕੀਤੀ ਹੈ। ਉਹ ਸਿਹਤ ਪੱਖ ਤੋਂ ਬਿਲਕੁਲ ਠੀਕ ਹੈ। ਮੈਂ ਉਸ ਨੂੰ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਰ ਤਰ੍ਹਾਂ ਕਾਨੂੰਨੀ ਮਦਦ ਦੇਣ ਦਾ ਭਰੋਸਾ ਦਿੱਤਾ ਹੈ।

ਖਾਸ ਗੱਲ ਇਹ ਹੈ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਾਰੇ ਸਭ ਨੂੰ ਪਤਾ ਹੈ ਕਿ ਸੁਖਬੀਰ ਸਿੰਘ ਬਾਦਲ ਦੇ ਖਾਸਮ-ਖਾਸ ਸਾਥੀ ਹਨ ਅਤੇ ਬਿਕਰਮ ਸਿੰਘ ਮਜੀਠੀਆ ਬਾਦਲ ਪਰਵਾਰ ਦੇ ਮੈਂਬਰ ਹਨ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰ੍ਹਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

# ਲਿਖਾਰੀ ਸਭਾ ਮੋਗਾ ਦੇ ਸਾਲਾਨਾ ਸਮਾਗਮ ਦੌਰਾਨ ਵਿਸ਼ਾਲ ਕਵੀ ਦਰਬਾਰ ਕਰਵਾਇਆ

## ਸੰਘਰਸ਼ਸ਼ੀਲ ਲੇਖਕ ਬਲਦੇਵ ਸਿੰਘ ਸਹਿਦੇਵ ਕੈਨੇਡਾ ਦੀ ਕਾਵਿ ਪੁਸਤਕ " ਮੈਂ ਬੋਲਾਂ ਪੰਜਾਬ" ਲੋਕ ਅਰਪਣ

ਮੋਗਾ, 2 ਮਾਰਚ (ਗਿਆਨ ਸਿੰਘ) ਲਿਖਾਰੀ ਸਭਾ ਮੋਗਾ ( ਰਜਿ:) ਵੱਲੋਂ ਸਾਲਾਨਾ ਸਮਾਗਮ ਦੌਰਾਨ ਕਰਵਾਇਆ ਵਿਸ਼ਾਲ ਕਵੀ ਦਰਬਾਰ ਯਾਦਗਾਰੀ ਹੋ ਨਿਬੇੜਿਆ । ਸਮਾਗਮ ਦੌਰਾਨ ਸੰਘਰਸ਼ਸ਼ੀਲ ਲੇਖਕ ਬਲਦੇਵ ਸਿੰਘ ਸਹਿਦੇਵ ਕੈਨੇਡਾ ਦੀ ਕਾਵਿ ਪੁਸਤਕ " ਮੈਂ ਬੋਲਾਂ ਪੰਜਾਬ" ਲੋਕ ਅਰਪਣ ਕੀਤੀ ਗਈ। ਮੰਚ ਦਾ ਸੰਚਾਲਨ ਪਰਮਜੀਤ ਸਿੰਘ ਚੂਹੜਚੱਕ ਨੇ ਕਾਵਿਮਈ ਅੰਦਾਜ ਵਿੱਚ ਬਾਖੂਬੀ ਨਿਭਾਇਆ ।

ਪ੍ਰਧਾਨਗੀ ਮੰਡਲ ਵਿੱਚ ਪਰਸਿੱਧ ਨਾਵਲਕਾਰ ਬਲਦੇਵ ਸਿੰਘ ਸੜਕਨਾਮਾ, ਨਾਮਵਰ ਆਲੋਚਕ ਡਾਕਟਰ ਸੁਰਜੀਤ ਬਰਾੜ, ਪ੍ਰੋਫੈਸਰ ਸੁਰਜੀਤ ਸਿੰਘ ਕਾਉਕੇ, ਕੁਲਵੰਤ ਸਿੰਘ ਚਾਨੀ, ਹਰਚੰਦ ਸਿੰਘ ਬਾਸੀ ਕੈਨੇਡਾ ਅਤੇ ਬੇਅੰਤ ਕੌਰ ਗਿੱਲ ਸੁਸ਼ੋਭਤ ਸਨ । ਬਲਦੇਵ ਸਿੰਘ ਸੜਕਨਾਮਾ ਨੇ ਬਲਦੇਵ ਸਿੰਘ ਸਹਿਦੇਵ ਦੀ ਪੁਸਤਕ ਉੱਪਰ ਬੋਲਦਿਆਂ ਕਿਹਾ ਕਿ ਲੇਖਕ ਨੂੰ ਪਰਵਾਸੀ ਜੀਵਨ ਦਾ ਅਨੁਭਵ ਹੈ। ਪੰਜਾਬੀ ਸਭਿਆਚਾਰ ਨਾਲ ਮੋਹ ਰੱਖਦਿਆਂ ਉਸਦੇ ਗੀਤਾਂ ਵਿੱਚ ਪੰਜਾਬ ਧੜਕਦਾ ਹੈ। ਉਹ ਗੀਤਾਂ ਰਾਹੀਂ ਮਨੁੱਖੀ ਮਨਾਂ ਨੂੰ ਬਦਲਦਾ ਤੇ ਉਹਨਾਂ ਨੂੰ ਕਰਾਂਤੀ ਦੀ ਲੋੜ ਪ੍ਰਤੀ ਜਾਗਰੂਕ ਕਰਦਾ ਹੈ । ਡਾਕਟਰ ਸੁਰਜੀਤ ਬਰਾੜ, ਪਰਮਜੀਤ ਚੂਹੜਚੱਕ ਅਤੇ ਕੁਲਵੰਤ ਸਿੰਘ ਚਾਨੀ ਨੇ ਬਲਦੇਵ ਸਹਿਦੇਵ ਵੱਲੋਂ ਸਾਹਿਤਕ ਖੇਤਰ ਅਤੇ ਮੁਲਾਜ਼ਮ ਘੋਲਾਂ ਵਿੱਚ ਪਾਏ ਵਿਲੱਖਣ ਯੋਗਦਾਨ ਦਾ ਵਿਸਥਾਰਤ ਵਰਨਣ ਕੀਤਾ। ਕੈਨੇਡਾ ਤੋਂ ਆਏ ਪਰਸਿੱਧ ਲੇਖਕ ਹਰਚੰਦ ਸਿੰਘ ਬਾਸੀ ਨੇ ਖੂਬਸੂਰਤ ਸ਼ਬਦਾਂ ਵਿੱਚ ਕਿਹਾ ਕਿ ਬਲਦੇਵ ਸਹਿਦੇਵ ਜ਼ਿੰਦਗੀ ਤੇ ਸੰਘਰਸ਼ ਦਾ ਕਵੀ ਹੈ । ਕਵੀ ਦਰਬਾਰ ਵਿੱਚ ਸ਼ਾਇਰਾਂ ਨੇ ਖੂਬ ਰੰਗ ਬੰਨ੍ਹਦਿਆਂ ਮਾਸਟਰ ਪ੍ਰੇਮ ਕੁਮਾਰ ਨੇ ਤਰੰਨਮ ਵਿੱਚ ਗੀਤ , ਆਤਮਾ ਸਿੰਘ ਚੜਿੱਕ, ਕਰਮ ਸਿੰਘ ਕਰਮ, ਹਰੀ ਸਿੰਘ ਢੁੱਡੀਕੇ, ਅਸ਼ੋਕ ਚਟਾਨੀ ,ਦਿਲਬਾਗ ਬੁੱਕਣਵਾਲਾ, ਆਤਮਾਸਿੰਘ ਆਲਮਗੀਰ, ਬਲਬੀਰ ਪਰਦੇਸੀ, ਮਲੂਕ ਸਿੰਘ ਲੋਹਾਰਾ, ਹਰਵਿੰਦਰ ਰੋਡੇ , ਚਮਕੌਰ ਬਾਘੇਵਾਲੀਆ, ਸਾਧੂ ਰਾਮ ਲੰਗੇਆਣਾ, ਜਸਵੀਰ ਭਲੂਰੀਆ, ਚਰਨਜੀਤ ਸਮਾਲਸਰ , ਕੁਲਬੀਰ ਸਿੰਘ ਸਹਿਦੇਵ, ਹਰੀ ਸਿੰਘ



ਸੰਧੂ, ਸ਼ਿਵ ਨਾਥ ਦਰਦੀ, ਅਮਰਜੀਤ ਸਨ੍ਹੇਰਵੀ, ਕੇਸ਼ਵ ਅਸੀਮ, ਪਰਮਜੀਤ ਚੂਹੜਚੱਕ ਬੇਅੰਤ ਕੌਰ ਗਿੱਲ, ਬਰਜਿੰਦਰ ਕੌਰ ਕਲਸੀ, ਕਰਮਜੀਤ ਕੌਰ, ਰਾਜਿੰਦਰ ਸੋਢੀ, ਸਰਬਜੀਤ ਕੌਰ ਮਾਹਲਾ, ਰੀਤ ਕੌਰ ਕਲਸੀ, ਪਰਸ਼ੋਤਮ ਪੱਤੋ ,ਪੋਹਲਾ ਸਿੰਘ ਬਰਾੜ, ਸੁਰਜੀਤ ਕਾਲੇਕੇ,ਧਾਮੀ ਗਿੱਲ, ਰਣਜੀਤ ਸਰਾਂਵਾਲੀ, ਅਰੁਣ ਸ਼ਰਮਾ, ਦੇਵਯਾਂਸ਼ ਅਵੀ, ਗੁਰਪ੍ਰੀਤ ਧਰਮਕੋਟ, ਅਵਤਾਰ ਕਮਾਲ, ਜਗਜੀਤ ਪਿਆਸਾ, ਬਿੱਕਰ ਸਿੰਘ, ਬੂਟਾ ਸਿੰਘ ਭੱਟੀ, ਗੁਰਮੇਲ ਸਿੰਘ ਚੰਦ ਨਵਾਂ,ਗਿਆਨ ਸਿੰਘ ਡੀ ਪੀ ਆਰ ਓ(ਰਿਟਾ) ਜੀਵਨ ਸਿੰਘ ਹਾਣੀ, ਵਿਵੇਕ ਕੋਟ ਈਸੇ ਖਾਂ, ਸੁਖਚਰਨ ਸਿੰਘ ਸਿੱਧੂ, ਵਿਜੇ ਕੁਮਾਰ, ਸੀਤਲ ਸਿੰਘ ਸ਼ੌਂਕੀ, ਹਰਪ੍ਰੀਤ ਗਿੱਲ, ਸਰਬਜੀਤ ਭੁੱਲਰ, ਜਗਦੀਸ਼ ਚਾਹਲ ਮੋਹੀ, ਅਮਰਜੀਤ, ਪ੍ਰੇਮ ਚਾਵਲਾ, ਮੰਗਲ ਮੀਤ, ਸੁਰਿੰਦਰ ਰਾਮ ਕੁੱਸਾ, ਸੰਦੀਪ ਕੌਰ, ਭਵਨਜੋਤ ਕੌਰ, ਗੁਰਬਿੰਦਰ ਕੌਰ, ਗੁਰਪ੍ਰੀਤ ਸ਼ੇਰਪੁਰ, ਰਣਜੀਤ ਸਿੰਘ, ਮਲਕੀਤ ਸਿੰਘ ,ਜੋਗਿੰਦਰ ਸਿੰਘ, ਡਾਕਟਰ ਸੁਰਜੀਤ ਬਰਾੜ , ਹਰਚੰਦ ਸਿੰਘ ਬਾਸੀ, ਹਰਦਿਆਲ ਸਿੰਘ, ਮਨਜੀਤ ਸਿੰਘ, ਐਡਵੋਕੇਟ ਗੋਰਾ ਸਨਾਮੀ, ਹਰਬੰਸ ਸਿੰਘ ਅਤੇ ਦਰਸ਼ਨ ਸਿੰਘ ਆਦਿ ਨੇ ਖੂਬਸੂਰਤ ਕਲਾਮ ਪੇਸ਼ ਕੀਤੇ । ਅਖੀਰ ਵਿੱਚ ਸਭਾ ਦੇ ਪ੍ਰਧਾਨ ਸੁਰਜੀਤ ਸਿੰਘ ਕਾਉਕੇ ਨੇ ਤਨਹਾਈ ਭਰਪੂਰ ਕਵਿਤਾ ਪੇਸ਼ ਕਰਨ ਉਪਰੰਤ ਸਮਾਗਮ ਵਿੱਚ ਸ਼ਿਰਕਤ ਕਰਨ ਵਾਲੇ ਸਮੂਹ ਲੇਖਕਾਂ ਤੇ ਸਰੋਤਿਆਂ ਦਾ ਧੰਨਵਾਦ ਕੀਤਾ ।

Steinmetz & Associates
PERSONAL INJURY LAWYERS
Harry Steinmetz
Certified as Specialist by the Law Society of Ontario in Civil Litigation
(with over 27yrs. of experience)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
BOBBY SIDHU
partner
(Serving the Community for Over 16 yrs.)
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: granduphoslery@gmail.com

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS
Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਦਿੱਲੀ ਕਿਸਾਨ ਅੰਦੋਲਨ ਦਾ ਹੁਣ ਤੱਕ ਦਾ 'ਹਾਸਲ'



ਡਾ. ਸੁਖਦੇਵ ਸਿੰਘ ਝੰਡ
ਫ਼ੋਨ: 647-567-9128

26 ਨਵੰਬਰ 2020 ਤੋਂ ਦਿੱਲੀ ਦੀਆਂ ਹੱਦਾਂ 'ਤੇ ਚੱਲ ਰਿਹਾ ਕਿਸਾਨੀ ਅੰਦੋਲਨ ਹੁਣ ਆਪਣੇ ਤੀਸਰੇ ਪੜਾਅ ਵਿਚ ਪਹੁੰਚ ਗਿਆ ਹੈ। ਇਸ ਦਾ ਪਹਿਲਾ ਪੜਾਅ 26 ਜਨਵਰੀ ਤੱਕ ਦਾ ਹੈ ਜਿਸ ਦੌਰਾਨ ਕਿਸਾਨ ਆਗੂਆਂ ਦੀਆਂ ਕੇਂਦਰ ਸਰਕਾਰ ਦੇ ਤਿੰਨ ਮੰਤਰੀਆਂ, ਖੇਤੀ ਮੰਤਰੀ ਰਜਿੰਦਰ ਸਿੰਘ ਤੋਮਰ, ਰੇਲ ਮੰਤਰੀ ਪਿਊਸ਼ ਗੋਇਲ ਅਤੇ ਰਾਜ ਮੰਤਰੀ ਸੋਮ ਪ੍ਰਕਾਸ਼ ਨਾਲ ਹੋਈਆਂ 11 ਰਸਮੀ ਮੀਟਿੰਗਾਂ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਹੋਈ ਇਕ ਗ਼ੈਰ-ਰਸਮੀ ਮੀਟਿੰਗ ਸ਼ਾਮਲ ਹੈ, ਜੋ ਸਾਰੀਆਂ ਹੀ ਬੇ-ਸਿੱਟਾ ਰਹੀਆਂ ਹਨ। ਇੱਥੇ ਜ਼ਿਕਰਯੋਗ ਹੈ ਕਿ ਤਿੰਨਾਂ ਮੰਤਰੀਆਂ ਨਾਲ ਆਖਰੀ ਮੀਟਿੰਗ 22 ਜਨਵਰੀ ਨੂੰ ਹੋਈ ਸੀ ਅਤੇ ਇਸ ਤੋਂ ਬਾਅਦ 'ਡੈੱਡਲਾਕ' ਹੋ ਗਿਆ।

ਅੰਦੋਲਨ ਦਾ ਦੂਸਰਾ ਪੜਾਅ 26 ਜਨਵਰੀ ਨੂੰ ਹੋਈ ਟਰੈੱਕਟਰ ਪਰੇਡ, ਇਸ ਦੌਰਾਨ ਲਾਲ ਕਿਲ੍ਹੇ 'ਤੇ ਝੁਲਾਏ ਗਏ ਕੇਸਰੀ ਨਿਸ਼ਾਨ ਸਾਹਿਬ ਤੇ ਕਿਸਾਨੀ ਝੰਡੇ ਸਮੇਂ ਲਾਲ ਕਿਲ੍ਹੇ ਦੇ ਮੈਦਾਨ ਅਤੇ ਆਈ.ਟੀ.ਓ. ਦੇ ਸਾਹਮਣੇ ਹੋਈਆਂ ਮੰਦਭਾਗੀਆਂ ਘਟਨਾਵਾਂ ਵਿਚ ਉੱਤਰ ਪ੍ਰਦੇਸ਼ ਤੋਂ ਆਏ 25 ਸਾਲਾ ਨੌਜੁਆਨ ਨਵਰੀਤ ਸਿੰਘ ਦੀ ਹੋਈ ਸ਼ਹੀਦੀ ਅਤੇ ਇਸ ਤੋਂ ਬਾਅਦ ਦੀਪ ਸਿੱਧੂ ਸਮੇਤ ਨੌਜੁਆਨਾਂ ਤੇ ਹੋਰ ਕਿਸਾਨਾਂ ਦੀਆਂ ਹੋਈਆਂ ਗ੍ਰਿਫ਼ਤਾਰੀਆਂ ਅਤੇ ਉਨ੍ਹਾਂ ਵਿਰੁੱਧ ਵੱਖ-ਵੱਖ ਧਾਰਾਵਾਂ ਕਾਨੂੰਨੀ ਹੇਠ ਪਰਚੇ ਦਰਜ ਕਰਨ ਵਾਲਾ ਵਾਲਾ ਦੌਰ ਹੈ। ਉਨ੍ਹਾਂ ਵਿੱਚੋਂ ਹੁਣ ਕਈ ਜ਼ਮਾਨਤਾਂ ਉੱਪਰ ਬਾਹਰ ਆ ਗਏ ਹਨ ਅਤੇ ਬਹੁਤ ਸਾਰੇ ਅਜੇ ਵੱਖ-ਵੱਖ ਜੇਲ੍ਹਾਂ ਦੇ ਅੰਦਰ ਹੀ ਡੱਕੇ ਹੋਏ ਹਨ। ਇਸ ਪੜਾਅ ਵਿਚ ਹੁਣ ਤੀਕ ਦੋਹਾਂ ਧਿਰਾਂ ਵਿਚ ਅੱਗੇ ਹੋਣ ਵਾਲੀ ਗੱਲਬਾਤ ਦਾ 'ਡੈੱਡਲਾਕ' ਚੱਲ ਰਿਹਾ ਹੈ। ਦੋਹਾਂ ਦਾ ਕਹਿਣਾ ਹੈ ਕਿ ਉਹ ਗੱਲਬਾਤ ਲਈ ਤਿਆਰ ਹਨ ਪਰ ਇਸ ਦੇ ਲਈ ਪਹਿਲ ਕਰਨ ਲਈ ਕੋਈ ਵੀ ਤਿਆਰ ਨਹੀਂ ਹੈ। ਉਂਜ, ਪਹਿਲ ਤਾਂ ਪਹਿਲਾਂ ਵਾਂਗ ਸਰਕਾਰ ਦੀ ਹੀ ਕਰਨੀ ਬਣਦੀ ਹੈ। ਸਰਕਾਰੀ ਧਿਰ ਦਾ ਕਹਿਣਾ ਹੈ ਕਿ ਉਹ ਤਿੰਨਾਂ ਖੇਤੀਬਾੜੀ ਕਾਨੂੰਨਾਂ ਵਿਚ ਸੋਧ ਕਰਨ ਵਾਲੇ ਪ੍ਰਸਤਾਵ ਉੱਪਰ ਅੱਗੋਂ ਗੱਲ ਕਰਨ ਲਈ ਤਿਆਰ ਹੈ ਅਤੇ ਕਿਸਾਨ ਆਗੂ ਇਸ ਦੇ ਲਈ ਉਸ ਨੂੰ ਅਗਲੀ ਤਰੀਕ ਦੇਣ, ਜਦ ਕਿ ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਉਹ ਇਹ ਤਿੰਨੇ 'ਕਾਲੇ ਕਾਨੂੰਨ' ਰੱਦ ਕਰਾਉਣ, ਐੱਮ.ਐੱਸ.ਪੀ. ਨੂੰ ਕਾਨੂੰਨੀ ਦਰਜਾ ਦੇਣ ਅਤੇ ਸਰਕਾਰੀ ਖ਼ਰੀਦ ਯਕੀਨੀ ਬਨਾਉਣ ਦੇ ਮੁੱਦਿਆਂ ਉੱਪਰ ਸਰਕਾਰ ਨਾਲ ਗੱਲਬਾਤ ਕਰ ਸਕਦੇ ਹਨ।

ਅੰਦੋਲਨ ਦੇ ਇਸ ਪੜਾਅ ਵਿਚ ਸਿੰਘੂ, ਟਿੱਕਰੀ, ਗਾਜ਼ੀਪੁਰ, ਪਲਵਲ ਅਤੇ ਸਾਂਹਜਹਾਨ ਬਾਰਡਰਾਂ 'ਤੇ ਕਿਸਾਨਾਂ ਵੱਲੋਂ ਕਈ ਵਿਸ਼ੇਸ਼ ਦਿਨ, ਜਿਵੇਂ ਲੋਹੜੀ ਵਾਲੇ ਦਿਨ ਤਿੰਨਾਂ ਖੇਤੀ ਬਿੱਲਾਂ ਦੀਆਂ ਕਾਪੀਆਂ ਸਾੜਨਾ, 'ਨਾਰੀ ਚੇਤਨਾ-ਦਿਵਸ', 'ਭਾਰਤ-ਬੰਦ ਦਿਵਸ','ਰੇਲ ਰੋਕੋ ਦਿਵਸ' 'ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੇ ਸ਼ਹੀਦੀ-ਦਿਹਾੜੇ','ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ', ਨੇਤਾ ਜੀ ਸੁਭਾਸ਼ ਚੰਦਰ ਬੋਸ ਦਾ ਜਨਮ-ਦਿਵਸ','ਚਾਚਾ ਅਜੀਤ ਸਿੰਘ ਦਾ ਜਨਮ-ਦਿਵਸ','ਸਰ ਛੋਟੂ ਰਾਮ ਦਾ ਜਨਮ-ਦਿਵਸ','ਗੁਰੂ ਰਵੀਦਾਸ ਜੀ ਦਾ ਪ੍ਰਕਾਸ਼-ਦਿਵਸ','ਚੰਦਰ ਸ਼ੇਖ਼ ਆਜ਼ਾਦ ਦਾ ਜਨਮ-ਦਿਵਸ', 'ਨੌਜੁਆਨ-ਦਿਵਸ', ਆਦਿ ਮਨਾਏ ਗਏ। ਸਾਰੀਆਂ ਹੀ ਕਿਸਾਨੀ ਸਟੇਜਾਂ ਉੱਪਰ ਇਨ੍ਹਾਂ ਦਿਨਾਂ ਨਾਲ ਜੋੜ ਕੇ ਵਿਸ਼ੇਸ਼ ਪ੍ਰੋਗਰਾਮ ਕੀਤੇ ਗਏ।

ਇਸ ਅੰਦੋਲਨ ਦਾ ਹੁਣ ਤੀਸਰਾ ਪੜਾਅ ਆਰੰਭ ਹੋ ਗਿਆ ਹੈ ਜਿਸ ਵਿਚ ਕਿਸਾਨ ਆਗੂਆਂ ਵੱਲੋਂ ਅੰਦੋਲਨ ਨੂੰ ਤੇਜ਼ ਕਰਨ ਲਈ ਇਸ ਨੂੰ ਨਵਾਂ ਰੂਪ ਦੇਣ ਦੇਣ ਲਈ ਵਿਚਾਰਾਂ ਕੀਤੀਆਂ ਜਾ ਰਹੀਆਂ ਹਨ। ਕੇਂਦਰ ਸਰਕਾਰ ਇਸ ਭਰਮ-ਜਾਲ ਵਿਚ ਹੈ ਕਿ ਇਹ ਅੰਦੋਲਨ ਲੰਮੇਰਾ ਹੋ ਜਾਣ ਦੀ ਹਾਲਤ ਵਿਚ ਅਤੇ ਅੱਗੋਂ ਅਪ੍ਰੈਲ ਮਹੀਨੇ ਹਾੜੀ ਦੀ ਫ਼ਸਲ ਦੀ ਸਾਂਭ-ਸੰਭਾਲ ਲਈ ਕਿਸਾਨ ਆਪਣੇ ਆਪ ਹੀ ਇੱਥੋਂ ਅੰਦੋਲਨ ਛੱਡ ਕੇ ਆਪਣੇ ਪਿੰਡਾਂ ਨੂੰ ਚਲੇ ਜਾਣਗੇ। ਪਰ ਓਧਰ ਕਿਸਾਨਾਂ ਲਈ ਉਨ੍ਹਾਂ ਦੀ ਹੋਂਦ ਦਾ ਸੁਆਲ ਹੈ। ਉਹ ਆਪਣੀਆਂ ਜ਼ਮੀਨਾਂ ਜਿਨ੍ਹਾਂ ਉਹ ਮਾਂ ਸਮਝਦੇ ਹਨ, ਨੂੰ ਬਚਾਉਣ ਲਈ ਜੱਦੋ-ਜਹਿਦ ਕਰ ਰਹੇ ਹਨ। ਇਹ ਅੰਦੋਲਨ ਹੁਣ ਜਨ-ਅੰਦੋਲਨ ਰੂਪੀ ਲੋਕ-ਲਹਿਰ ਬਣ ਕੇ ਇਸ ਪੜਾਅ 'ਤੇ ਪਹੁੰਚ ਚੁੱਕਾ ਹੈ ਕਿ ਜੇਕਰ ਹੁਣ ਇਸ ਵਿਚ ਕੁਝ ਢਿੱਲ-ਮੱਠ ਆਉਂਦੀ ਹੈ ਤਾਂ ਫਿਰ ਅੱਗੋਂ ਕਈ ਕਿਸਾਨੀ ਲਹਿਰ ਉੱਠਣ ਦੀ ਸੰਭਾਵਨਾ ਬਣਨੀ ਮੁਸ਼ਕਲ ਹੋ ਜਾਏਗੀ। ਕਿਸਾਨ-ਆਗੂ ਅੰਦੋਲਨ ਦੀ ਇਸ ਹਾਲਤ ਨੂੰ ਭਲੀ-ਭਾਂਤ ਸਮਝਦੇ ਹਨ ਅਤੇ ਉਹ ਇਸ ਵਿਚ ਕਿਸੇ ਕਿਸਮ ਦੀ ਕੋਈ ਢਿੱਲ ਨਹੀਂ ਲਿਆਉਣਾ ਚਾਹੁੰਦੇ, ਸਗੋਂ ਉਹ ਹੁਣ ਪੰਜਾਬ, ਹਰਿਆਣੇ, ਉੱਤਰ ਪ੍ਰਦੇਸ਼, ਰਾਜਸਥਾਨ ਅਤੇ ਹੋਰ ਸੂਬਿਆਂ ਵਿਚ ਕਿਸਾਨ ਪੰਚਾਇਤਾਂ ਕਰਕੇ ਇਸ ਅੰਦੋਲਨ ਨੂੰ ਹੋਰ ਫੈਲਾਉਣ ਦੇ ਯਤਨ ਕਰ ਰਹੇ ਹਨ। ਅਗਲੇ ਕੁਝ ਮਹੀਨਿਆਂ ਵਿਚ ਪੱਛਮੀ ਬੰਗਾਲ, ਆਸਾਮ, ਪਾਂਡੂਚੇਰੀ, ਤਾਮਿਲ ਨਾਡੂ ਤੇ ਕੈਰਲਾ ਵਿਚ ਵਿਧਾਨ ਸਭਾਵਾਂ ਦੀਆਂ ਚੋਣਾਂ ਵੀ ਹੋਣ ਵਾਲੀਆਂ ਹਨ ਅਤੇ ਕਿਸਾਨ ਆਗੂ ਇਨ੍ਹਾਂ ਚੋਣਾਂ ਦੌਰਾਨ ਉੱਥੇ ਚੋਣ-ਰੈਲੀਆਂ ਵਿਚ ਜਾ ਕੇ ਕਿਸਾਨੀ ਮਸਲੇ ਉਭਾਰਨ ਦੀਆਂ ਯੋਜਨਾਵਾਂ ਵੀ ਬਣਾ ਰਹੇ ਹਨ। ਖ਼ੈਰ, ਇਹ ਤਾ ਇਸ ਅੰਦੋਲਨ ਦੇ ਇਸ ਤੀਸਰੇ ਪੜਾਅ ਦਾ ਅਹਿਮ ਹਿੱਸਾ ਹੈ। ਇਸ ਸਮੇਂ ਦੋਵੇਂ ਧਿਰਾਂ ਆਪੋ-ਆਪਣੀ ਜ਼ਿਦ 'ਤੇ ਕਾਇਮ ਹਨ ਅਤੇ ਉਨ੍ਹਾਂ ਦੀ 'ਜ਼ਿਦ' ਇਸ ਸ਼ਿਅਰ ਨਾਲ ਮੇਲ ਖਾਦੀ ਲੱਗਦੀ ਹੈ:

ਆਂਧੀਓਂ ਕੋ ਜ਼ਿਦ ਹੈ ਜਹਾਂ ਬਿਜਲੀਆਂ ਗਿਰਾਨੇ ਕੀ,
ਮੁਝੇ ਭੀ ਜ਼ਿਦ ਹੈ, ਵਹੀਂ ਆਸ਼ੀਆਂ ਬਸਾਨੇ ਕੀ,
ਹਿੰਮਤ ਔਰ ਹੌਸਲੇ ਬੁਲੰਦ ਹੈਂ,
ਖੜਾ ਹੂੰ, ਅਭੀ ਗਿਰਾ ਨਹੀਂ ਹੂੰ!
ਅਭੀ ਜੰਗ ਜਾਰੀ ਹੈ, ਔਰ ਮੈਂ ਹਾਰਾ ਨਹੀਂ ਹੂੰ!

ਇਸ ਕਿਸਾਨੀ ਅੰਦੋਲਨ ਦੇ ਕਈ ਖ਼ੂਬਸੂਰਤ ਪੱਖ ਸਾਹਮਣੇ ਆਏ ਹਨ ਜਿਨ੍ਹਾਂ ਨੂੰ ਇਸ ਅੰਦੋਲਨ ਦਾ 'ਹਾਸਲ' ਕਿਹਾ ਜਾ ਸਕਦਾ ਹੈ। ਆਓ! ਇਸ ਦੇ ਬਾਰੇ ਕੁਝ ਵਿਚਾਰ ਕਰੀਏ:

ਇਸ ਅੰਦੋਲਨ ਦੀ ਸੱਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਸ ਵਿਚ ਪੰਜਾਬ ਤੇ ਹਰਿਆਣੇ ਦੇ ਕਿਸਾਨ 'ਭਰਾਵਾਂ' ਵਾਂਗ ਵਿਚਰ ਰਹੇ ਹਨ। ਇੰਜ ਲੱਗਦਾ ਹੈ ਜਿਵੇਂ ਉਨ੍ਹਾਂ ਵਿਚਕਾਰ ਹੁਣ 'ਐੱਸ.ਵਾਈ.ਐੱਲ' ਨਹਿਰ ਜਾਂ ਕੋਈ ਹੋਰ ਮਸਲਾ ਨਹੀਂ ਹੈ। ਇਸ ਦੇ ਨਾਲ ਹੀ ਉਨ੍ਹਾਂ ਦੇ ਨਾਲ ਉੱਤਰ-ਪ੍ਰਦੇਸ਼, ਮੱਧ-ਪ੍ਰਦੇਸ਼, ਰਾਜਸਥਾਨ ਤੇ ਹੋਰ ਕਈ ਸੂਬਿਆਂ ਦੇ ਕਿਸਾਨ ਵੀ ਦਿੱਲੀ ਦੀਆਂ ਹੱਦਾਂ'ਤੇ ਆ ਬੈਠੇ ਹਨ। ਇਨ੍ਹਾਂ ਤੋਂ ਇਲਾਵਾ ਮਹਾਂਰਾਸ਼ਟਰ, ਕਰਨਾਟਕ, ਕੈਰਲਾ, ਬੰਗਾਲ ਤੇ ਹੋਰ ਸੂਬਿਆਂ ਦੇ ਕਿਸਾਨ ਆਪੋ-ਆਪਣੇ ਸੂਬਿਆਂ ਵਿਚ ਧਰਨੇ ਦੇ ਰਹੇ ਹਨ ਅਤੇ ਮੁਜ਼ਾਹਰੇ ਕਰ ਰਹੇ ਹਨ। ਇਸ ਤਰ੍ਹਾਂ ਇਹ ਕਿਸਾਨ ਅੰਦੋਲਨ ਹੁਣ ਦੇਸ਼-ਵਿਆਪੀ ਅੰਦੋਲਨ ਬਣ ਗਿਆ ਹੈ।

ਇਸ ਅੰਦੋਲਨ ਨੂੰ ਅੰਤਰ-ਰਾਸ਼ਟਰੀ ਪ੍ਰਸਿੱਧੀ ਅਤੇ ਹਮਾਇਤ ਹਾਸਲ ਹੋਈ ਹੈ। ਅਮਰੀਕਾ, ਕੈਨੇਡਾ, ਇੰਗਲੈਂਡ, ਆਸਟ੍ਰੇਲੀਆ, ਨਿਊਜ਼ੀਲੈਂਡ, ਜਰਮਨੀ, ਸਪੇਨ ਆਦਿ ਬਹੁਤ ਸਾਰੇ ਦੇਸ਼ਾਂ ਤੋਂ ਲੋਕਾਂ ਵੱਲੋਂ ਵੱਖ-ਵੱਖ ਥਾਵਾਂ 'ਤੇ ਕਾਰ-ਰੈਲੀਆਂ ਕੱਢ ਕੇ ਅਤੇ ਸੜਕਾਂ ਦੇ ਦੋਹੀਂ ਪਾਸੀਂ ਵੱਡੇ-ਵੱਡੇ ਬੈਨਰ ਤੇ ਪੋਸਟਰ ਫੜ੍ਹ ਕੇ ਸਾਰਾ-ਸਾਰਾ ਦਿਨ ਖਲੋ ਕੇ ਭਾਰਤੀ ਕਿਸਾਨਾਂ ਨਾਲ ਇਕਜੁੱਟਤਾ ਵਿਖਾ ਕੇ ਉਨ੍ਹਾਂ ਦੇ ਇਸ ਅੰਦੋਲਨ ਦੀ ਹਮਾਇਤ ਕੀਤੀ ਹੈ ਅਤੇ ਇਹ ਹਮਾਇਤ ਲਗਾਤਾਰ ਜਾਰੀ ਹੈ। ਇਸ ਤਰ੍ਹਾਂ ਇਹ ਅੰਦੋਲਨ ਹੁਣ ਕੇਵਲ ਦੇਸ਼-ਵਿਆਪੀ ਨਾ ਰਹਿ ਕੇ ਵਿਸ਼ਵ-ਵਿਆਪੀ ਬਣ ਗਿਆ ਹੈ।

ਕਿਸਾਨਾਂ ਦਾ ਇਹ ਅੰਦੋਲਨ ਗਿਣਾਤਮਕ ਪੱਖੋਂ ਸੰਸਾਰ-ਭਰ ਦਾ ਸੱਭ ਤੋਂ ਵੱਡਾ ਸ਼ਾਂਤਮਈ ਅੰਦੋਲਨ ਬਣ ਚੁੱਕਾ ਹੈ। ਇਸ ਵਿਚ ਲੱਖਾਂ ਦੀ ਗਿਣਤੀ ਵਿਚ ਕਿਸਾਨ, ਆੜ੍ਹਤੀਏ, ਪੱਲੇਦਾਰ, ਛੋਟੇ ਦੁਕਾਨਦਾਰ, ਮਜ਼ਦੂਰ, ਰੇੜ੍ਹੀ-ਫੜ੍ਹੀ ਵਾਲੇ ਅਤੇ ਹੋਰ ਲੱਗਭੱਗ ਸਾਰੇ ਹੀ ਵਰਗਾਂ ਦੇ ਲੋਕ ਸ਼ਾਮਲ ਹਨ। ਇੱਥੇ ਧਰਮ, ਨਸਲ ਤੇ ਜ਼ਾਤ-ਬਰਾਦਰੀ ਦਾ ਕੋਈ ਵੀ ਭੇਦ-ਭਾਵ ਨਜ਼ਰ ਨਹੀਂ ਆ ਰਿਹਾ। ਇਸ ਅੰਦੋਲਨ ਦੀ ਸੱਭ ਤੋਂ ਵਧੀਆ ਗੱਲ ਹੈ ਕਿ ਇਹ ਅੰਦੋਲਨ ਕਿਸੇ ਵੀ ਕਿਸਮ ਦੀ ਰਾਜਸੀ-ਰੰਗਤ ਤੋਂ ਕੋਹਾਂ ਦੂਰ ਹੈ। ਕਿਸਾਨ ਆਗੂਆਂ ਵੱਲੋਂ ਰਾਜਨੀਤਕ ਪਾਰਟੀਆਂ ਦੇ ਲੀਡਰਾਂ ਨੂੰ ਕਿਸਾਨੀ ਸਟੇਜਾਂ ਉੱਪਰ ਨਹੀਂ ਚੜ੍ਹਨ ਦਿੱਤਾ ਗਿਆ। ਅੰਦੋਲਨ ਨੂੰ ਚੱਲਦਿਆਂ ਤਿੰਨ ਮਹੀਨਿਆਂ ਤੋਂ ਵਧੇਰਾ ਸਮਾਂ ਹੋ ਗਿਆ ਹੈ ਅਤੇ ਇਸ ਦੌਰਾਨਂ ਕੋਈ ਵੀ ਮਾੜੀ ਘਟਨਾ ਵੇਖਣ-ਸੁਣਨ ਨੂੰ ਨਹੀਂ ਮਿਲੀ। ਇਸ ਦੇ ਲਈ ਕਿਸਾਨ ਲੀਡਰਸ਼ਿਪ ਦੀ ਦੂਰ-ਦਰਸ਼ਤਾ ਅਤੇ ਸੂਝ ਅਤੇ ਲੋਕਾਂ ਦੀ ਸਿਆਣਪ ਦੀ ਦਾਤ ਦੇਣੀ ਬਣਦੀ ਹੈ।

ਇਸ ਅੰਦੋਲਨ ਵਿਚ ਬਜ਼ੁਰਗਾਂ, ਔਰਤਾਂ ਤੇ ਬੱਚਿਆਂ ਦੇ ਨਾਲ-ਨਾਲ ਪੰਜਾਬੀ ਗੱਭਰੂ ਵੱਡੀ ਗਿਣਤੀ ਵਿਚ ਸ਼ਾਮਲ ਹੋਏ ਹਨ। ਉਹ ਪੰਜਾਬੀ ਗੱਭਰੂ, ਜਿਨ੍ਹਾਂ ਨੂੰ ਦੇਸ਼ ਦੇ ਮੀਡੀਏ ਦੇ ਇਕ ਹਿੱਸੇ ਵੱਲੋਂ 'ਨਸ਼ੇੜੀ', 'ਅਮਲੀ' ਤੇ ਕਈ ਹੋਰ 'ਵਿਸ਼ੇਸ਼ਣਾਂ' ਨਾਲ ਨਿਵਾਜਿਆ ਗਿਆ ਸੀ, ਆਪਣੇ ਖ਼ੂਬਸੂਰਤ ਅਤੇ ਤੱਕੜੇ ਜੁੱਸਿਆਂ ਨਾਲ ਇੱਥੇ ਲਗਾਤਾਰ ਆਪਣਾ ਭਰਪੂਰ ਯੋਗਦਾਨ ਪਾ ਰਹੇ ਹਨ। ਉਨ੍ਹਾਂ ਵਿਚ ਕਈ ਬਾਡੀ-ਬਿਲਡਰ ਤੇ ਕਬੱਡੀ ਦੇ ਖਿਲਾੜੀ ਵੀ ਨਜ਼ਰ ਆ ਰਹੇ ਹਨ। ਵੱਖ-ਵੱਖ ਕਲਾਕਾਰ, ਲੇਖਕ, ਬੁੱਧੀਜੀਵੀ, ਗਾਇਕ, ਰਾਗੀ-ਢਾਡੀ, ਧਾਰਮਿਕ-ਪ੍ਰਚਾਰਕ, ਡਾਕਟਰ, ਇੰਜੀਨੀਅਰ, ਅਧਿਆਪਕ, ਵਕੀਲ, ਸਾਬਕਾ-ਜੱਜ, ਸਮਾਜ-ਸੇਵੀ, ਗੱਲ ਕੀ ਹਰੇਕ ਵਰਗ ਦੇ ਲੋਕ ਇਨ੍ਹਾਂ ਧਰਨਿਆਂ ਵਿਚ ਸ਼ਾਮਲ ਹੋ ਕੇ ਕਿਸਾਨ-ਭਰਾਵਾਂ ਦੇ ਇਸ ਅੰਦੋਲਨ ਨੂੰ ਸਫ਼ਲ ਬਨਾਉਣ ਵਿਚ ਆਪਣਾ ਭਰਪੂਰ ਯੋਗਦਾਨ ਪਾ ਰਹੇ ਹਨ।

ਅੰਦੋਲਨ ਵਿਚ ਵੱਖ-ਵੱਖ ਥਾਵਾਂ 'ਤੇ ਖਾਧ-ਪਦਾਰਥਾਂ ਦੇ ਬੇਸ਼ੁਮਾਰ ਲੰਗਰ ਲੱਗੇ ਹੋਏ ਹਨ ਜਿਨ੍ਹਾਂ ਵਿਚ ਤਰ੍ਹਾਂ-ਤਰ੍ਹਾਂ ਦੇ ਪਕਵਾਨ ਪੱਕ ਰਹੇ ਹਨ। ਇੱਥੋਂ ਤੱਕ ਕਿ ਸਰਦੀਆਂ ਦੇ ਦਿਨਾਂ ਵਿਚ ਅਲਸੀ ਤੇ ਖੋਏ ਦੀਆਂ ਪਿੰਨੀਆਂ, ਵੇਸਣ ਦੀ ਬਰਫ਼ੀ, ਲੱਡੂ, ਮੱਠੀਆਂ ਤੇ ਹੋਰ ਨਮਕੀਨਾਂ, ਬਦਾਮ, ਕਾਜੂ, ਅਖਰੋਟ ਦੀਆਂ ਗਿਰੀਆਂ ਤੇ ਸੌਗੀ ਦੀ ਬਹੁਤਾਤ ਹੈ। ਇਹ ਵਸਤਾਂ ਵੱਖ-ਵੱਖ ਪਿੰਡਾਂ ਤੇ ਸ਼ਹਿਰਾਂ ਤੋਂ ਇੱਥੇ ਪਹੁੰਚਾਈਆਂ ਗਈਆਂ ਸਨ ਅਤੇ ਹੁਣ ਮੌਸਮ ਬਦਲਣ ਨਾਲ ਸਰੀਰ ਨੂੰ ਠੰਢਕ ਪਹੁੰਚਾਉਣ ਵਾਲੇ ਪਦਾਰਥਾਂ ਦਾ ਸੇਵਨ ਸ਼ੁਰੂ ਹੋ ਚੁੱਕਾ ਹੈ। ਹੋਰ ਲੰਗਰਾਂ ਦੇ ਨਾਲ਼-ਨਾਲ਼ ਇੱਥੇ 'ਪੁਸਤਕਾਂ ਦੇ ਲੰਗਰ' ਵੀ ਲੱਗੇ ਹੋਏ ਹਨ। ਸੂਰਬੀਰਤਾ ਨਾਲ ਭਰਪੂਰ ਅਗਾਂਹ-ਵਧੂ ਸਾਹਿਤਕ ਪੁਸਤਕਾਂ ਪਹਿਲਾਂ ਵੱਡੇ-ਵੱਡੇ ਟੋਕਰਿਆਂ ਵਿਚ ਸਜਾ ਕੇ ਰੱਖੀਆਂ ਗਈਆਂ ਸਨ ਅਤੇ ਹੁਣ ਇਨ੍ਹਾਂ ਦੇ ਲਈ ਪੁਸਤਕ-ਰੈਕਾਂ (ਭੌਕ ਅਚਕਸ) ਦਾ ਵੀ ਪ੍ਰਬੰਧ ਹੋ ਚੁੱਕਾ ਹੈ। ਕਈ ਨਵ-ਪ੍ਰਕਾਸ਼ਿਤ ਪੁਸਤਕਾਂ ਇੱਥੇ ਲੋਕ-ਅਰਪਿਤ ਕੀਤੀਆਂ ਜਾ ਰਹੀਆਂ ਹਨ। ਸਥਾਨਕ ਲੋਕਾਂ ਦੇ ਬੱਚਿਆਂ ਨੂੰ ਪੜ੍ਹਾਉਣ ਦਾ ਸਿਲਸਿਲਾ ਲਗਾਤਾਰ ਚੱਲ ਰਿਹਾ ਹੈ। ਇਸ ਦੇ ਨਾਲ ਹੀ ਇੱਥੇ 'ਦਵਾਈਆਂ ਦੇ ਲੰਗਰ' ਵੀ ਕਾਫ਼ੀ ਵਿਖਾਈ ਦੇ ਰਹੇ ਹਨ। ਡਾਕਟਰਾਂ ਦੀਆਂ ਬਹੁਤ ਸਾਰੀਆਂ ਐਂਬੂਲੈਂਸਾਂ ਮੌਜੂਦ ਹਨ ਜਿਨ੍ਹਾਂ ਦੇ ਅੱਗੇ ਕੁਰਸੀਆਂ-ਮੇਜ਼ਾਂ 'ਤੇ ਬੈਠੇ ਹੋਏ ਡਾਕਟਰ ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਦੇ ਰਹੇ ਹਨ। ਸਰਕਾਰੀ ਸੇਵਾ ਕਰਦੇ ਹੋਏ ਕਈ ਡਾਕਟਰ ਛੁੱਟੀਆਂ ਲੈ ਕੇ ਇੱਥੇ ਆਪਣੀਆਂ ਬਹੁ-ਮੁੱਲੀਆਂ ਸੇਵਾਵਾਂ ਦੇ ਰਹੇ ਹਨ। ਡਾ. ਸਵੈਮਾਨ ਸਿੰਘ ਵਰਗੇ ਕਈ ਡਾਕਟਰ ਅਮਰੀਕਾ ਅਤੇ ਹੋਰ ਦੇਸ਼ਾਂ ਤੋਂ ਵੀ ਆ ਕੇ ਇਹ ਸੇਵਾ ਬਾਖ਼ੂਬੀ ਨਿਭਾਅ ਰਹੇ ਹਨ।

ਇੱਥੇ ਇਸ ਅੰਦੋਲਨ ਵਿਚ 'ਇਪਟਾ' ਵਰਗੀਆਂ ਅਗਾਂਹ-ਵਧੂ ਨਾਟਕ-ਮੰਡਲੀਆਂ ਵੱਲੋਂ ਲੋਕ-ਪੱਖੀ ਨਾਟਕ ਖੇਡੇ ਜਾ ਰਹੇ ਹਨ ਅਤੇ ਜੋਸ਼ੀਲੇ ਗੀਤ ਗਾਏ ਜਾ ਰਹੇ ਹਨ ਜਿਨ੍ਹਾਂ ਵਿਚ ਲੋਕਾਂ ਨੂੰ ਸਾਰਥਕ ਸੁਨੇਹੇ ਦਿੱਤੇ ਜਾ ਰਹੇ ਹਨ। ਲੋਕਾਂ ਵੱਲੋਂ ਉਨ੍ਹਾਂ ਨੂੰ ਭਰਪੂਰ ਹੁੰਗਾਰਾ ਮਿਲ ਰਿਹਾ ਹੈ। ਰਹਿਣ-ਸਹਿਣ ਦੇ ਪ੍ਰਬੰਧ ਇੱਥੇ ਵੱਡੀ ਗਿਣਤੀ ਵਿਚ ਕੀਤੇ ਗਏ ਹਨ। ਦਿੱਲੀ ਅਤੇ ਇਸ ਦੇ ਨਾਲ ਲੱਗਦੇ ਹਰਿਆਣੇ ਦੇ ਲੋਕਾਂ ਨੇ ਆਪਣੇ ਘਰਾਂ ਦੇ ਦਰ-ਦਰਵਾਜ਼ੇ ਖੋਲ੍ਹ ਦਿੱਤੇ ਹਨ। ਧਰਨੇ ਵਿਚ ਸ਼ਾਮਲ ਬੀਬੀਆਂ ਤੇ ਬਜ਼ੁਰਗ ਇਨ੍ਹਾਂ ਵਿਚ ਰਾਤ ਨੂੰ ਇੱਥੇ ਵਿਸ਼ਰਾਮ ਕਰਦੇ ਹਨ ਅਤੇ ਦਿਨ ਵੇਲੇ ਉਹ ਧਰਨਿਆਂ ਵਿਚ ਸ਼ਾਮਲ ਹੁੰਦੇ ਹਨ।



ਅੰਤਰ-ਰਾਸ਼ਟਰੀ ਸੇਵਾ ਸੰਸਥਾ 'ਖ਼ਾਲਸਾ-ਏਡ' ਵੱਲੋਂ 500 ਬਿਸਤਰਿਆਂ ਦਾ ਪੂਰਨ 'ਰੇਨ-ਪਰੂਫ਼ ਪੰਡਾਲ' ਤਿਆਰ ਕੀਤਾ ਗਿਆ ਹੈ ਜਿਸ ਵਿਚ ਸੀਸੀਟੀਵੀਜ਼, ਫ਼ੋਨ-ਚਾਰਜਰਾਂ, ਪਖ਼ਾਨਿਆਂ ਆਦਿ ਦਾ ਬਹੁਤ ਵਧੀਆ ਪ੍ਰਬੰਧ ਕੀਤਾ ਗਿਆ ਹੈ। ਇਸ ਦੇ ਨਾਲ਼ ਹੀ 'ਖਾਲਸਾ-ਏਡ' ਅਤੇ ਅੰਤਰ-ਰਾਸ਼ਟਰੀ ਪ੍ਰਸਿੱਧੀ ਦੇ ਮਾਲਕ ਡਾ.ਐੱਸ.ਪੀ.ਸਿੰਘ ਉਬਰਾਏ ਤੇ ਕਈ ਹੋਰ ਦਾਨੀ-ਸੱਜਣਾਂ ਵੱਲੋਂ ਚਲਾਈਆਂ ਜਾ ਰਹੀਆਂ ਸੇਵਾ-ਸੰਸਥਾਵਾਂ ਵੱਲੋਂ ਹਜ਼ਾਰਾਂ ਦੀ ਗਿਣਤੀ ਵਿਚ ਸੌਣ ਲਈ ਗੱਦੇ, ਕੰਬਲ, ਜੈਕਟਾਂ, ਲੋਈਆਂ, ਸ਼ਾਲਾਂ, ਬੁਨੈਣਾਂ, ਜੁਰਾਬਾਂ, ਤੌਲੀਏ ਤੇ ਹੋਰ ਲੋੜੀਂਦੀਆਂ ਚੀਜ਼ਾਂ-ਵਸਤਾਂ ਮੁਹੱਈਆ ਕੀਤੀਆਂ ਜਾ ਰਹੀਆਂ ਹਨ। ਅੰਦੋਲਨ ਵਾਲੀਆਂ ਥਾਵਾਂ 'ਤੇ ਕਈ ਦਾਨੀ-ਸੱਜਣਾਂ ਵੱਲੋਂ ਕੱਪੜੇ ਧੋਣ ਵਾਲੀਆਂ ਮਸ਼ੀਨਾਂ ਅਤੇ 'ਮਸਾਜ ਮਸ਼ੀਨਾਂ' (ਦੱਬਣ-ਘੁੱਟਣ ਵਾਲੀਆਂ ਮਸ਼ੀਨਾਂ) ਲਗਾਈਆਂ ਗਈਆਂ ਹਨ ਅਤੇ ਕਿਸਾਨ ਇਨ੍ਹਾਂ ਦਾ ਖ਼ੂਬ ਲਾਭ ਉਠਾ ਰਹੇ ਹਨ। ਧਰਨਿਆਂ ਦੇ ਦੌਰਾਨ ਐਂਬੂਲੈਂਸ ਅਤੇ ਹੋਰ ਜ਼ਰੂਰੀ-ਸੇਵਾਵਾਂ ਨੂੰ ਰਸਤਾ ਦਿੱਤਾ ਜਾ ਰਿਹਾ ਹੈ ਤਾਂ ਜੋ ਇਨ੍ਹਾਂ ਵਿਚ ਕਿਸੇ ਕਿਸਮ ਦਾ ਵਿਘਨ ਨਾ ਪਵੇ। ਸੜਕਾਂ ਦੇ ਦੋਵੇਂ ਪਾਸੇ ਦੀਆਂ ਦੁਕਾਨਾਂ ਪੂਰੀ ਤਰ੍ਹਾਂ ਖੁੱਲ੍ਹੀਆਂ ਹੋਈਆਂ ਹਨ ਅਤੇ ਦੁਕਾਨਦਾਰਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਨਹੀਂ ਹੈ। ਉਨ੍ਹਾਂ ਦੇ ਅਨੁਸਾਰ ਸਗੋਂ ਇਸ ਦੌਰਾਨ ਉਨ੍ਹਾਂ ਦੀ ਸੇਲ ਵਿਚ ਕਾਫ਼ੀ ਵਾਧਾ ਹੋਇਆ ਹੈ।

ਕਈ ਕਿਸਾਨ ਕਿਸੇ ਜ਼ਰੂਰੀ ਘਰੇਲੂ ਕੰਮਾਂ ਦੇ ਕਾਰਨ ਵਾਪਸ ਵੀ ਆ ਰਹੇ ਹਨ ਪਰ ਉਨ੍ਹਾਂ ਦੀ ਥਾਂ 'ਤੇ ਹੋਰ ਕਿਸਾਨ ਬਹੁਤ ਵੱਡੀ ਗਿਣਤੀ ਵਿਚ ਦਿੱਲੀ ਨੂੰ ਜਾ ਰਹੇ ਹਨ। ਸੁਣਨ ਵਿਚ ਆਇਆ ਹੈ ਕਿ ਜੇਕਰ 20 ਕਿਸਾਨ ਘਰਾਂ ਨੂੰ ਵਾਪਸ ਆਉਂਦੇ ਹਨ ਤਾਂ ਉਨ੍ਹਾਂ ਦੀ ਥਾਂ 'ਤੇ 40-50 ਕਿਸਾਨ ਦਿੱਲੀ ਨੂੰ ਜਾ ਰਹੇ ਹਨ। ਪਿੰਡਾਂ ਵਿਚ ਲੋਕਾਂ ਨੇ ਆਪਣੀਆਂ ਵਾਰੀਆਂ ਬੰਨ੍ਹ ਲਈਆਂ ਹਨ ਅਤੇ ਉਹ ਹੁਣ ਵਾਰੀ ਵਾਰੀ ਦਿੱਲੀ ਕਿਸਾਨ ਮੋਰਚੇ ਵਿਚ ਹਾਜ਼ਰੀਆਂ ਭਰ ਰਹੇ ਹਨ। ਕਣਕ ਦੀ ਫ਼ਸਲ ਸਾਂਭਣ ਲਈ ਵੀ ਉਨ੍ਹਾਂ ਨੇ ਪੂਰੀ ਯੋਜਨਾਬੰਦੀ ਕਰ ਲਈ ਹੈ ਅਤੇ ਪਿੰਡਾਂ ਵਿਚ ਨੌਜੁਆਨਾਂ ਦੀਆਂ ਕਮੇਟੀਆਂ ਬਣ ਗਈਆਂ ਹਨ ਜੋ ਅੰਦੋਲਨ ਵਿਚ ਪੂਰਾ ਸਮਾਂ ਸ਼ਾਮਲ ਹੋਣ ਵਾਲੇ ਕਿਸਾਨਾਂ ਦੀ ਕਣਕ ਦੀ ਵਾਢੀ ਪਹਿਲ ਦੇ ਆਧਾਰ 'ਤੇ ਕਰਵਾਉਣਗੀਆਂ ਅਤੇ ਜਿਨਸ ਨੂੰ ਮੰਡੀਆਂ ਵਿਚ ਵੇਚਣ ਲਈ ਲਿਜਾਣਗੀਆਂ। ਇਸ ਅੰਦੋਲਨ ਵਿਚ ਸਫ਼ਾਈ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਰਾਤ ਨੂੰ ਸੜਕਾਂ ਦੀ ਚੰਗੀ ਤਰ੍ਹਾਂ ਸਫ਼ਾਈ ਕੀਤੀ ਜਾਂਦੀ ਹੈ ਅਤੇ ਨੌਜੁਆਨ ਇਸ ਸੇਵਾ ਵਿਚ ਵੱਧ-ਚੜ੍ਹ ਕੇ ਆਪਣਾ ਹਿੱਸਾ ਪਾ ਰਹੇ ਹਨ।

ਕੇਂਦਰ ਸਰਕਾਰ ਵੱਲੋਂ ਬੇਸ਼ਕ ਦਿੱਲੀ ਦੇ ਵੱਖ-ਵੱਖ ਬਾਰਡਰਾਂ ਉੱਪਰ ਕਈ ਤਰ੍ਹਾਂ ਦੀਆਂ ਵੱਡੀਆਂ-ਵੱਡੀਆਂ ਤੇ ਭਾਰੀਆਂ ਰੋਕਾਂ ਖੜੀਆਂ ਕਰਕੇ ਅਤੇ ਪੁਲੀਸ ਤੇ ਨੀਮ-ਫ਼ੌਜੀ ਦਲਾਂ ਵਿਚ ਵਾਧਾ ਕਰਕੇ ਕਿਸਾਨਾਂ ਨੂੰ ਡਰਾਉਣ-ਧਮਕਾਉਣ ਦੇ ਯਤਨ ਕੀਤੇ ਗਏ ਸਨ, ਪਰ ਕਿਸਾਨਾਂ ਦੇ ਹੌਸਲੇ ਬੁਲੰਦ ਰਹੇ ਅਤੇ ਹੁਣ ਵੀ ਪੂਰੀ ਤਰ੍ਹਾਂ ਬੁਲੰਦ ਹਨ ਅਤੇ ਉਹ ਲੰਮੇਂ ਸਮੇਂ ਲਈ ਤਿਆਰੀਆਂ ਕਰਕੇ ਧਰਨਿਆਂ 'ਤੇ ਬੈਠੇ ਹੋਏ ਹਨ। ਕਈਆਂ ਨੇ ਤਾਂ ਦੋਹਾਂ ਸੜਕਾਂ ਵਿਚਲੇ ਡਿਵਾਈਡਰਾਂ ਵਿਚਕਾਰਲੀ ਖਾਲੀ ਜ਼ਮੀਨ ਨੂੰ ਕਹੀਆਂ ਨਾਲ ਪੁੱਟ ਕੇ ਉੱਥੇ ਧਨੀਆਂ, ਮੇਥੀ, ਪਾਲਕ, ਮੂਲੀਆਂ, ਗਾਜਰਾਂ, ਲਸਣ, ਪਿਆਜ਼ ਆਦਿ ਵੀ ਬੀਜ ਦਿੱਤੇ ਹਨ ਅਤੇ ਉਨ੍ਹਾਂ ਦਾ ਕਹਿਣਾ ਹੈ ਕਿ ਉਹ ਇਸ ਅੰਦਲਨ ਵਿਚ ਇਹ ਸਾਰਾ ਕੁਝ ਖਾ ਕੇ ਸਫ਼ਲ ਹੋਣ ਤੋਂ ਬਾਦ ਹੀ ਘਰਾਂ ਨੂੰ ਵਾਪਸ ਮੁੜਨਗੇ।

ਹੁਣ ਹਾਲਤ ਇਹ ਬਣੀ ਹੋਈ ਹੈ ਕਿ ਕੇਂਦਰ ਸਰਕਾਰ ਇਹ ਕਾਨੂੰਨ ਰੱਦ ਨਾ ਕਰਨ ਦੀ ਆਪਣੀ ਅੜੀ 'ਤੇ ਕਾਇਮ ਹੈ ਅਤੇ ਉਹ ਅਜੇ ਵੀ ਕਿਸਾ-ਆਗੂਆਂ ਨਾਲ ਇਨ੍ਹਾਂ ਕਾਨੂੰਨਾਂ ਵਿਚ ਸੋਧਾਂ ਕਰਨ ਦਾ ਹੀ ਰਾਗ ਅਲਾਪ ਰਹੀ ਹੈ। ਉਹ ਇਸ ਅੰਦੋਲਨ ਨੂੰ ਲੰਮਾਂ ਖਿੱਚ ਕੇ ਅਤੇ ਇਸ ਨੂੰ ਕਮਜ਼ੋਰ ਕਰਕੇ ਫੇਲ੍ਹ ਕਰਨਾ ਚਾਹੁੰਦੀ ਹੈ। ਉਹ ਇਨ੍ਹਾਂ ਬਿੱਲਾਂ ਵਿਚ 80-90%ਸੋਧਾਂ ਕਰਨ ਲਈ ਤਾਂ ਤਿਆਰ ਲੱਗਦੀ ਹੈ ਪਰ ਇਹ ਬਿੱਲ ਰੱਦ ਕਰਨ ਲਈ ਅਜੇ ਤਿਆਰ ਨਹੀਂ ਜਾਪਦੀ। ਓਧਰ ਕਿਸਾਨਾਂ ਲਈ ਵੀ ਆਪਣੀ ਹੋਂਦ ਅਤੇ ਭਵਿੱਖ ਦਾ ਸੁਆਲ ਹੈ। ਬਿਨਾਂ ਕਿਸੇ ਪ੍ਰਾਪਤੀ (ਬਿੱਲ ਰੱਦ ਕਰਵਾਉਣ) ਦੇ ਇਸ ਅੰਦੋਲਨ ਨੂੰ ਵਾਪਸ ਲੈਣਾ ਜਾਂ ਇਸ ਨੂੰ ਮੁਲਤਵੀ ਕਰਨਾ ਉਨ੍ਹਾਂ ਲਈ ਵੀ ਅਸੰਭਵ ਹੈ। ਉਨ੍ਹਾਂ ਵੱਲੋਂ ਅਗਲੇ ਨਵੇਂ ਪ੍ਰੋਗਰਾਮ ਦਿੱਤੇ ਜਾ ਰਹੇ ਹਨ ਜਿਨ੍ਹਾਂ ਵਿਚ 6 ਮਾਰਚ ਨੂੰ ਇਸ ਅੰਦੋਲਨ ਨੂੰ 100 ਦਿਨ ਪੂਰੇ ਹੋਣ ਜਾਣ 'ਤੇ ਕਾਲੀਆਂ ਪੱਟੀਆਂ ਬੰਨ੍ਹ ਕੇ ਹੱਥਾਂ ਵਿਚ ਕਾਲੇ ਝੰਡੇ ਲੈ ਕੇ 'ਕੇ.ਐੱਮ.ਪੀ' (ਕੁੰਡਲੀ-ਮਾਨੇਸਰ-ਪਲਵਲ) ਹਾਈਵੇਅ ਨੂੰ ਦੁਪਹਿਰ 11.00 ਵਜੇ ਤੋਂ ਸ਼ਾਮ 4.00 ਵਜੇ ਤੱਕ ਜਾਮ ਕਰਨਾ, 8 ਮਾਰਚ ਨੂੰ 'ਅੰਤਰ-ਰਾਸ਼ਟਰੀ ਔਰਤ-ਦਿਵਸ' ਮਨਾਉਣਾ, ਪੱਛਮੀ ਬੰਗਾਲ, ਗੋਆ ਅਤੇ ਹੋਰ ਰਾਜ ਜਿੱਥੇ ਜਲਦੀ ਹੀ ਚੋਣਾਂ ਹੋ ਰਹੀਆਂ ਹਨ, ਵਿਚ ਲੋਕ-ਚੇਤਨਾ ਲਈ ਆਪਣੀਆਂ ਟੀਮਾਂ ਭੇਜਣੀਆਂ, 12 ਮਾਰਚ ਨੂੰ ਕਲਕੱਤਾ ਵਿਚ ਕਿਸਾਨ ਆਗੂਆਂ ਵੱਲੋਂ ਕਲਕੱਤਾ ਵਿਚ ਹੋ ਰਹੀ ਮਹਾਨ ਕਾਨਫ਼ਰੰਸ ਵਿਚ ਸ਼ਮੂਲੀਅਤ ਕਰਨੀ ਅਤੇ 15 ਮਾਰਚ ਨੂੰ ਦੇਸ਼-ਭਰ ਵਿਚ ਹੋਰ ਜੱਥੇਬੰਦੀਆਂ ਨਾਲ ਮਿਲ ਕੇ ਨਿੱਜੀਕਰਨ ਤੇ ਕਾਰਪੋਰੇਟ ਵਿਰੋਧੀ ਦਿਨ ਮਨਾਉਣਾ ਹੈ।

ਇਸ ਤਰ੍ਹਾਂ ਹੁਣ ਤੱਲ ਬੇਸ਼ੁਕ ਇਸ ਅੰਦੋਲਨ ਵਿਚ ਤਿੰਨਾਂ ਖੇਤੀ ਬਿੱਲਾਂ (ਕਾਲ਼ੇ ਬਿੱਲਾਂ) ਨੂੰ ਰੱਦ ਕਰਾਉਣ, ਐੱਮ.ਐੱਸ.ਪੀ. ਨੂੰ ਕਾਨੂੰਨੀ ਬਨਾਉਣ ਅਤੇ ਖੇਤੀ ਉਪਜ ਦੀ ਸਰਕਾਰੀ ਖ਼੍ਰੀਦ ਨੂੰ ਯਕੀਨੀ ਬਨਾਉਣ ਵਾਲੀ 'ਮੁੱਖ-ਪ੍ਰਾਪਤੀ' ਅਜੇ ਦੂਰ ਦੀ ਗੱਲ ਲੱਗ ਰਹੀ ਹੈ ਪਰ ਇਸ ਦੇ ਨਾਲ ਹੀ ਉੱਪਰ ਦਰਸਾਈਆਂ ਗਈਆਂ ਬਹੁਤ ਸਾਰੀਆਂ ਪ੍ਰਾਪਤੀਆਂ ਇਸ ਅੰਦੋਲਨ ਦਾ ਹੁਣ ਤੱਕ ਦਾ ਬਹੁਤ ਵੱਡਾ 'ਹਾਸਲ' ਹੈ ਅਤੇ ਇਨ੍ਹਾਂ ਉੱਪਰ ਮਾਣ ਕਰਨਾ ਬਣਦਾ ਹੈ।

ਵੇਖੋ! ਅੱਗੋਂ ਕੀ ਬਣਦਾ ਹੈ।


# "ਕਿਸਾਨਾਂ ਦੇ 'ਮਸੀਹਾ' ਸਨ, ਸਰ ਛੋਟੂ ਰਾਮ" - ਪ੍ਰੋ. ਜੈਪਾਲ ਸਿੰਘ

## ਬਰੈਂਪਟਨ ਦੇ ਫ਼ਾਰਮਰਜ਼ ਸਪੋਰਟ ਗਰੁੱਪ ਵੱਲੋਂ ਆਯੋਜਿਤ ਕੀਤੀ ਗਈ ਜ਼ੂਮ-ਮੀਟਿੰਗ

ਬਰੈਂਪਟਨ, (ਡਾ. ਝੰਡ) 28 ਫ਼ਰਵਰੀ - ਬੀਤੇ ਕੱਲ੍ਹ ਐਤਵਾਰ 27 ਫ਼ਰਵਰੀ ਨੂੰ ਭਾਰਤ ਵਿਚ ਚੱਲ ਰਹੇ ਕਿਸਾਨੀ ਅੰਦੋਲਨ ਦੇ ਟੋਰਾਂਟੋ ਵਿਚਲੇ ਕਿਸਾਨ ਹਮਾਇਤੀ ਗਰੁੱਪ ਵੱਲੋਂ ਇਕ ਜ਼ੂਮ-ਮੀਟਿੰਗ ਦਾ ਦਾ ਪ੍ਰਬੰਧ ਕੀਤਾ ਗਿਆ ਜਿਸ ਵਿਚ ਮੁੱਖ-ਬਲਾਰੇ ਪੰਜਾਬੀ ਵਿਦਵਾਨ ਅਤੇ ਕਿਸਾਨੀ ਸੰਘਰਸ਼ ਦੇ ਕਾਰਕੁੰਨ ਪ੍ਰੋ. ਜੈਪਾਲ ਸਿੰਘ ਸਨ। ਸਰ ਛੋਟੂ ਰਾਮ ਦੇ ਜੀਵਨ-ਬ੍ਰਿਤਾਂਤ ਦਾ ਵਰਨਣ ਕਰਦੇ ਹੋਏ ਉਨ੍ਹਾਂ ਦੱਸਿਆ ਕਿ ਛੋਟੂ ਰਾਮ ਦਾ ਜਨਮ 24 ਨਵੰਬਰ 1881 ਨੂੰ ਬਾਪ ਸੁਖੀ ਰਾਮ ਦੇ ਘਰ ਸਾਂਝੇ ਪੰਜਾਬ ਦੇ ਜ਼ਿਲਾ ਰੋਹਤਕ ਦੇ ਪਿੰਡ ਗੜ੍ਹੀ ਸਾਂਪਲਾ ਵਿਚ ਹੋਇਆ। ਉਂਜ, ਉਹ ਆਪਣਾ ਜਨਮ-ਦਿਨ ਬਸੰਤ-ਪੰਚਮੀ ਵਾਲੇ ਦਿਨ ਮਨਾਉਂਦੇ ਸਨ ਜੋ 22 ਫ਼ਰਵਰੀ ਨੂੰ ਬਣਦਾ ਹੈ। 10 ਸਾਲ ਦੀ ਉਮਰ 'ਚ ਉਨ੍ਹਾਂ ਨੂੰ ਪੜ੍ਹਨੇ ਪਾਇਆ ਗਿਆ ਅਤੇ 11 ਸਾਲ ਦੇ ਹੋਣ 'ਤੇ ਉਨ੍ਹਾਂ ਨੂੰ ਵਿਆਹ ਦਿੱਤਾ ਗਿਆ। ਪੰਜਵੀਂ ਜਮਾਤ ਪਿੰਡ ਦੇ ਸਕੂਲੋਂ ਪਾਸ ਕਰਕੇ ਅੱਠਵੀ ਝੱਜਰ ਦੇ ਸਕੂਲ ਤੋਂ ਕੀਤੀ ਜੋ ਉਨ੍ਹਾਂ ਦੇ ਪਿੰਡ ਤੋਂ ਕਾਫ਼ੀ ਦੂਰ ਪੈਂਦਾ ਸੀ।

ਇਸ ਤੋਂ ਅਗਲੀ ਪੜ੍ਹਾਈ ਲਈ ਉਨ੍ਹਾਂ ਨੂੰ ਦਿੱਲੀ ਜਾਣਾ ਪੈਣਾ ਸੀ ਪਰ ਪਿਤਾ ਜੀ ਕੋਲ ਇਸ ਦੇ ਲਈ ਪੈਸੇ ਦੀ ਪੁੱਜਤ ਨਹੀਂ ਸੀ। ਪਿਤਾ ਬਾਲਕ ਛੋਟੂ ਰਾਮ ਨੂੰ ਇਕ ਤਪਦੀ ਦੁਪਹਿਰ ਵਿਚ ਪੈਦਲ ਹੀ ਆਪਣੇ ਆੜ੍ਹਤੀਏ ਘਾਸੀ ਰਾਮ ਕੋਲ ਲੈ ਗਏ ਅਤੇ ਉਸ ਨੂੰ ਪੈਸਿਆਂ ਦੀ ਫ਼ਰਿਆਦ ਕੀਤੀ। ਘਾਸੀ ਰਾਮ ਸਾਰੀ ਦੁਪਹਿਰ ਸੁਖੀ ਰਾਮ ਕੋਲੋਂ ਪੱਖਾ ਝੁਲਾਉਂਦਾ ਰਿਹਾ ਅਤੇ ਅਖ਼ੀਰ ਉਸ ਨੇ ਪੈਸਿਆਂ ਤੋਂ ਜੁਆਬ ਹੀ ਨਹੀਂ ਦਿੱਤਾ ਸਗੋਂ ਛੋਟੂ ਰਾਮ ਨੂੰ ਅੱਗੋਂ ਨਾ ਪੜ੍ਹਾਉਣ ਦੀ 'ਨੇਕ-ਸਲਾਹ' ਵੀ ਦੇ ਮਾਰੀ। ਇਸ ਘਟਨਾ ਦਾ ਬਾਲਕ ਛੋਟੂ ਰਾਮ ਦੇ ਮਨ 'ਤੇ ਅਜਿਹਾ ਅਸਰ ਪਿਆ ਕਿ ਉਸ ਨੇ ਆਪਣੇ ਮਨ 'ਚ ਇਹ ਕਸਮ ਖਾਧੀ ਕਿ ਉਹ ਕਿਸਾਨਾਂ ਨੂੰ ਇਸ ਜ਼ਿੱਲਤ ਭਰੇ ਜੀਵਨ ਤੋਂ ਨਿਜਾਤ ਦਿਵਾਉਣ ਦਾ ਜ਼ਰੂਰ ਯਤਨ ਕਰੇਗਾ। ਉਸ ਨੇ ਆਪਣੇ ਚਾਚੇ ਤੋਂ ਪੈਸੇ ਲੈ ਕੇ ਮੈਟ੍ਰਿਕ ਪਾਸ ਕੀਤੀ। ਉਪਰੰਤ, ਬੀ.ਏ., ਐੱਲ.ਐੱਲ.ਬੀ. ਕੀਤੀ ਅਤੇ ਆਗਰੇ ਵਿਖੇ ਵਕਾਲਤ ਕੀਤੀ। ਇੱਥੇ ਉਸ ਨੇ ਆਪਣੇ ਵਕੀਲ-ਭਾਈਚਾਰੇ ਲਈ ਇਕ 'ਕੋਡ ਆਫ਼ ਕੰਡਕਟ' ਤਿਆਰ ਕੀਤਾ ਜਿਸ ਅਨੁਸਾਰ ਕਾਨੂੰਨ ਮੁਤਾਬਿਕ ਚੱਲਣਾ ਅਤੇ ਕਿਸਾਨਾਂ ਦੀ ਲੁੱਟ ਨਾ ਕਰਨਾ ਵਿਸ਼ੇਸ਼ ਤੌਰ 'ਤੇ ਸ਼ਾਮਲ ਸੀ।

ਪ੍ਰੋ. ਜੈਪਾਲ ਸਿੰਘ ਨੇ ਦੱਸਿਆ ਕਿ ਛੋਟੂ ਰਾਮ ਪਹਿਲਾਂ ਕਾਂਗਰਸ ਪਾਰਟੀ ਦੇ ਆਗੂ ਸਨ ਅਤੇ ਉਹ 1916 ਤੋਂ 1920 ਤੱਕ ਰੋਹਤਕ ਜ਼ਿਲਾ ਕਾਂਗਰਸ ਪਾਰਟੀ ਦੇ ਪ੍ਰਧਾਨ ਰਹੇ। ਫਿਰ ਉਹ ਉੱਥੋਂ ਅਸਤੀਫ਼ਾ ਦੇ ਕੇ ਸਰ ਸਿਕੰਦਰ ਹਿਯਾਤ ਖ਼ਾਨ ਵੱਲੋਂ ਖੜੀ ਕੀਤੀ ਗਈ 'ਯੂਨੀਅਨਿਸਟ ਪਾਰਟੀ ਆਫ਼ ਪੰਜਾਬ' ਦੇ ਮੈਂਬਰ ਬਣ ਗਏ ਅਤੇ 1921 ਵਿਚ ਪੰਜਾਬ ਅਸੈਂਬਲੀ ਦੀ ਚੋਣ ਲੜੀ ਪਰ ਕੇਵਲ 22 ਵੋਟਾਂ ਦੇ ਫ਼ਰਕ ਨਾਲ ਹਾਰ ਗਏ। ਪਰ ਇਸ ਤੋਂ ਅਗਲੇ ਸਾਲ ਹੀ 1922 ਵਿਚ ਬੜੇ ਵੱਡੇ ਫ਼ਰਕ ਨਾਲ ਇਹ ਚੋਣ ਜਿੱਤੇ ਅਤੇ ਇਸ ਪਾਰਟੀ ਦੀ ਸਰਕਾਰ ਵਿਚ 1924 ਵਿਚ ਮੰਤਰੀ ਬਣੇ। ਉਨ੍ਹਾਂ ਨੇ ਆਪਣੇ ਕਾਰਜ-ਕਾਲ ਵਿਚ ਕਿਸਾਨ-ਪੱਖੀ ਅਤੇ ਲੋਕ-ਪੱਖੀ 22 ਕਾਨੂੰਨ ਬਣਾਏ। ਜਿਨ੍ਹਾਂ ਵਿਚ 'ਪੰਜਾਬ ਰੈਗੂਲੇਸ਼ਨ ਆਫ਼ ਅਕਾਂਊਂਟਸ ਐਕਟ, 1930' ਵੀ ਸ਼ਾਮਲ ਸੀ ਜਿਸ ਅਨੁਸਾਰ ਆੜ੍ਹਤੀਆਂ ਲਈ ਚਲੰਤ ਭਾਸ਼ਾਵਾਂ ਵਿਚ ਹਿਸਾਬ-ਕਿਤਾਬ ਰੱਖਣਾ ਜ਼ਰੂਰੀ ਕਰਾਰ ਦਿੱਤਾ ਗਿਆ। ਉਸ ਸਮੇਂ ਆੜ੍ਹਤੀਏ ਅਤੇ ਸ਼ਾਹੂਕਾਰ ਆਪਣਾ ਹਿਸਾਬ-ਕਿਤਾਬ ਲੰਡਿਆਂ ਵਿਚ ਰੱਖਦੇ ਸਨ ਜਿਸ ਨੂੰ ਕੇਵਲ ਉਹ ਹੀ ਸਮਝ ਸਕਦੇ ਸਨ ਅਤੇ ਉਹ ਅਨਪੜ੍ਹ ਤੇ ਸਿੱਧੇ-ਸਾਦੇ ਕਿਸਾਨਾਂ ਦੀ ਲੁੱਟ ਕਰਦੇ ਸਨ। ਉਸ ਸਮੇਂ ਲੱਗਭੱਗ 90 ਫ਼ੀਸਦੀ ਕਿਸਾਨ ਕਰਜ਼ਾਈ ਹੁੰਦੇ ਸਨ। ਉਹ ਕਰਜ਼ੇ ਵਿਚ ਜੰਮਦੇ, ਕਰਜ਼ੇ ਵਿਚ ਜਿਉਂਦੇ ਅਤੇ ਕਰਜ਼ੇ ਵਿਚ ਹੀ ਮਰ ਜਾਂਦੇ ਸਨ। ਸਰ ਛੋਟੂ ਰਾਮ ਨੇ ਕਾਨੂੰਨ ਰਾਹੀਂ ਇਹ ਵਿਵਸਥਾ ਕੀਤੀ ਕਿ ਜੇਕਰ ਮੂਲ ਨਾਲੋਂ ਦੁੱਗਣਾ ਵਿਆਜ ਦੇ ਦਿੱਤਾ ਗਿਆ ਹੋਵੇ ਤਾਂ ਉਹ ਕਰਜ਼ਾ ਮਾਫ਼ ਹੋ ਜਾਏਗਾ। ਕਰਜ਼ਾ ਨਾ ਮੋੜਨ ਦੀ ਹਾਲਤ ਵਿਚ ਕਿਸੇ ਦੀ ਗ੍ਰਿਫ਼ਤਾਰੀ ਨਹੀਂ ਹੋ ਸਕੇਗੀ ਅਤੇ ਜ਼ਮੀਨ, ਮਕਾਨ, ਪਸ਼ੂ-ਧੰਨ ਆਦਿ ਦੀ ਕੁਰਕੀ ਨਹੀਂ ਕੀਤੀ ਜਾ ਸਕੇਗੀ।



ਉਨ੍ਹਾਂ ਹੋਰ ਦੱਸਿਆ ਕਿ 1930 ਵਿਚ ਛੋਟੂ ਰਾਮ ਨੂੰ ਅੰਗਰੇਜ਼ੀ ਸਰਕਾਰ ਵੱਲੋਂ 'ਸਰ' ਦਾ ਖ਼ਿਤਾਬ ਦਿੱਤਾ ਗਿਆ। 1938 ਵਿਚ ਉਨ੍ਹਾਂ 'ਪੰਜਾਬ ਰਜਿਸਟ੍ਰੇਸ਼ਨ ਆਫ਼ ਮਨੀ ਲੈਂਡਰ ਐਕਟ' ਪਾਸ ਕਰਵਾਇਆ ਜਿਸ ਅਨੁਸਾਰ ਸ਼ਾਹੂਕਾਰ ਲਈ ਲਾਇਸੈਂਸ ਲੈਣਾ ਲਾਜ਼ਮੀ ਕਰ ਦਿੱਤਾ ਗਿਆ। ਮੰਤਰੀ ਦੇ ਤੌਰ 'ਤੇ ਉਹ ਏਨੇ ਇਮਾਨਦਾਰ ਸਨ ਕਿ ਆਪਣੇ ਕਿਸੇ ਵੀ ਦੋਸਤ ਜਾਂ ਸਬੰਧੀ ਦਾ ਨਾਜਾਇਜ਼ ਕੰਮ ਨਹੀਂ ਕਰਦੇ ਸਨ। ਉਨ੍ਹਾਂ ਦੇ ਕਾਰਜ-ਕਾਲ ਦੀਆਂ ਅਜਿਹੀਆਂ ਬਹੁਤ ਸਾਰੀਆਂ ਉਦਾਹਰਨਾਂ ਮਿਲਦੀਆਂ ਹਨ। ਲਾਹੌਰ ਤੋਂ ਆਪਣੇ ਪਿੰਡ ਆਉਂਦੇ ਤਾਂ ਟੀ.ਏ./ਡੀ.ਏ. ਕੇਵਲ ਅੰਬਾਲੇ ਤੱਕ ਹੀ ਵਸੂਲ ਕਰਦੇ ਸਨ। ਉਨ੍ਹਾਂ ਦੇ ਬਣਾਏ ਕਾਨੂੰਨਾਂ ਸਦਕਾ 8 ਲੱਖ 35 ਹਜ਼ਾਰ ਇਕਾਏਆਂ ? ਜ਼ਮੀਨ 3 ਲੱਖ 65 ਹਜ਼ਾਰ ਕਿਸਾਨਾਂ ਨੂੰ ਵਾਪਸ ਹੋਈ। ਉਨ੍ਹਾਂ ਦੇ ਇਨ੍ਹਾਂ ਕਾਰਜਾਂ ਕਰਕੇ ਹੀ ਉਨ੍ਹਾਂ ਨੂੰ 'ਕਿਸਾਨਾਂ ਦਾ ਮਸੀਹਾ' ਕਿਹਾ ਜਾਂਦਾ ਹੈ। ਸੰਯੁਕਤ ਕਿਸਾਨ ਮੋਰਚੇ ਵੱਲੋਂ ਉਨ੍ਹਾਂ ਦਾ ਜਨਮਦਿਨ ਰਾਸ਼ਟਰੀ ਪੱਧਰ 'ਤੇ ਮਨਾਇਆ ਗਿਆ ਹੈ।

ਇਸ ਦੌਰਾਨ ਵਕਤਾ ਨੂੰ ਪ੍ਰੋ. ਦਲਬੀਰ ਸਿੰਘ ਮੱਲ੍ਹੀ, ਡਾ.ਪ੍ਰਦੀਪ, ਐਡਮਿੰਟਨ ਤੋਂ ਐੱਨ.ਡੀ.ਪੀ.ਦੇ ਐੱਮ.ਐੱਲ.ਏ. ਜਸਬੀਰ ਦਿਓਲ, ਮਹਿੰਦਰ ਬੰਗਾ, ਹਰਪਰਮਿੰਦਰ ਗ਼ਦਰੀ, ਇੰਜੀ. ਹਰਜੀਤ ਸਿੰਘ ਗਿੱਲ, ਇੰਜੀ. ਬਲਦੇਵ ਸਿੰਘ ਬਰਾੜ, ਇੰਜੀ. ਪਰਮਜੀਤ ਸਿੰਘ ਵਿਰਕ, ਹਰਬੰਸ ਸਿੰਘ ਮੱਲ੍ਹੀ, ਪਰਗਣ ਅਤੇ ਪਿਆਰਾ ਸਿੰਘ ਕੁੱਦੋਵਾਲ ਵੱਲੋਂ ਕੀਤੇ ਗਏ ਸੁਆਲਾਂ ਦੇ ਢੁਕਵੇਂ ਜੁਆਬ ਵਕਤਾ ਵੱਲੋਂ ਦਿੱਤੇ ਗਏ। ਪ੍ਰੋ. ਜੈਪਾਲ ਸਿੰਘ ਦੇ ਇਸ ਲੈੱਕਚਰ ਦਾ ਆਯੋਜਨ ਕਰਨ ਵਾਲੀਆਂ ਜੱਥੇਬੰਦੀਆਂ ਵਿਚ ਪਰਵਾਸੀ ਪੰਜਾਬੀ ਪੈੱਨਸ਼ਨਰਜ਼ ਐਸੋਸੀਏਸ਼ਨ ਟੋਰਾਂਟੋ, ਜੀ.ਟੀ.ਏ. ਵੈੱਸਟ ਕਲੱਬ ਸੀ.ਪੀ.ਸੀ., ਅਲਾਇੰਸ ਆਫ਼ ਪ੍ਰੋਗਰੈੱਸਿਵ ਕੈਨੇਡੀਅਨਜ਼ , ਸਰੋਕਾਰਾਂ ਦੀ ਆਵਾਜ਼।, ਦਿਸ਼ਾ, ਇੰਡੋ-ਕੈਨੇਡੀਅਨ ਵਰਕਰਜ਼ ਐਸੋਸੀਏਸ਼ਨ, ਸਿਰਜਣਹਾਰੀਆਂ ਅਤੇ ਪ੍ਰੋ. ਮੋਹਨ ਸਿੰਘ ਫ਼ਾਊਂਡੇਸ਼ਨ ਕੈਨੇਡਾ ਸ਼ਾਮਲ ਸਨ। ਇਹ ਲੈੱਕਚਰ ਗੁਰੂ ਰਵੀਦਾਸ ਅਤੇ ਚੰਦਰ ਸ਼ੇਖ਼ਰ ਆਜ਼ਾਦ ਨੂੰ ਸਮਰਪਿਤ ਸੀ ਜਿਨ੍ਹਾਂ ਸਬੰਧੀ ਜਾਣਕਾਰੀ ਪ੍ਰੋਗਰਾਮ ਦੇ ਆਰੰਭ ਵਿਚ ਡਾ. ਕੰਵਲਜੀਤ ਕੌਰ ਢਿੱਲੋਂ ਵੱਲੋਂ ਸਾਂਝੀ ਕੀਤੀ ਗਈ। ਸੁਆਗਤੀ ਸ਼ਬਦ ਹਰਜੀਤ ਸਿੰਘ ਗਿੱਲ ਅਤੇ ਧੰਨਵਾਦੀ ਸ਼ਬਦ ਸੁਰਜੀਤ ਕੌਰ ਵੱਲੋਂ ਕਹੇ ਗਏ, ਜਦ ਕਿ ਪ੍ਰੋਗਰਾਮ ਦਾ ਸੰਚਾਲਨ ਪ੍ਰੋ. ਜਗੀਰ ਸਿੰਘ ਕਾਹਲੋਂ ਅਤੇ ਹਰਿੰਦਰ ਹੁੰਦਲ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ। ਇਹ ਇਕ ਯਾਦਗਾਰੀ ਸਮਾਗ਼ਮ ਹੋ ਨਿਬੜਿਆ।

## ਮਿੰਨੀ ਕਹਾਣੀ — ਫਰਕ



ਹਰਕੀਰਤ ਕੌਰ
9779118066

ਵੇਖ ਤੇ ਸਹੀਂ ਕਿੰਨੇ ਖੇਖਣ ਕਰਦੀ ਏ, ਜਦੋਂ ਵੇਖੋ ਸਿਰ ਫੜ ਕੇ ਬੈਠੀ ਰਹਿੰਦੀ ! ਮੈਨੂੰ ਤਾਂ ਸਾਰੀ ਉਮਰ ਸੁੱਖ ਨਾ ਆਇਆ, ਮੇਰੇ ਤੇ ਹੱਥ ਦੀਆਂ ਲੀਕਾਂ ਵੀ ਘਸ ਗਈਆਂ। ਆਟੇ ਨੂੰ ਪੂਰੇ ਗੁੱਸੇ ਵਿੱਚ ਮੁੱਕੀ ਦਿੰਦਿਆਂ ਬੀਰੋ ਮੂੰਹ ਵਿੱਚ ਬੁੜ ਬੁੜ ਕਰ ਰਹੀ ਸੀ। ਨੂੰਹ ਦਾ ਨਵਾਂ ਨਵਾਂ ਅਪਰੇਸ਼ਨ ਹੋਣ ਕਰਕੇ ਉਹ ਜਿਆਦਾਤਰ ਢਿੱਲੀ ਮੱਠੀ ਰਹਿੰਦੀ ਸੀ। ਘਰਵਾਲੇ ਦਾ ਵੀ ਵਿਵਹਾਰ ਕੁਝ ਚੰਗਾ ਨਾ ਹੋਣ ਕਰਕੇ ਉਹ ਅਕਸਰ ਉਦਾਸ ਹੀ ਰਹਿੰਦੀ। ਜਦੋਂ ਦਾ ਰਾਜ ਨੇ ਕੁੜੀ ਨੂੰ ਜਨਮ ਦਿੱਤਾ ਓਦੋਂ ਦੀ ਉਹ ਸਾਰਿਆਂ ਨੂੰ ਹੋਰ ਬੁਰੀ ਲੱਗਣ ਲੱਗ ਪਈ। ਘਰ ਵਿੱਚ ਕਿਸੇ ਗੱਲ ਦੀ ਕਮੀ ਨਹੀਂ ਸੀ ਪਰ ਸਦਾ ਕਲੇਸ਼ ਈ ਰਹਿੰਦਾ। ਰਾਜ ਦਾ ਘਰਵਾਲਾ ਕੰਮ ਤੋਂ ਆਇਆ ਤਾਂ ਮਾਂ ਦਾ ਸੜਿਆ ਚਿਹਰਾ ਵੇਖ ਕਾਰਣ ਪੁੱਛਣ ਲੱਗਾ। ਅੱਗੋਂ ਮੱਥੇ ਤੇ ਸੱਤ ਤਿਊੜੀਆਂ ਇੱਕਠੀਆਂ ਕਰ ਕਹਿਣ ਲੱਗੀ ਸਾਨੂੰ ਤੇ ਸੁੱਖ ਆਇਆ ਈ ਨਾ ਸਾਰੀ ਉਮਰ ਇਸ ਘਰ ਦੇ ਹੋਏ ਮਰਗੇ, ਹੁਣ ਵੀ ਤੋਸਾ ਆਪ ਬਣਾਉਂਣਾ ਪੈਂਦਾ। ਮਾਂ ਦੀਆਂ ਗੱਲਾਂ ਸੁਣ ਅੱਕੇ ਪੁੱਤ ਨੇ ਸਾਰਾ ਗੁੱਸਾ ਰਾਜ ਤੇ ਕੱਢ ਦਿੱਤਾ ਅਤੇ ਦੁਖਦੇ ਸਰੀਰ ਨਾਲ ਕੰਮ ਕਰਨ ਨੂੰ ਕਿਹਾ! ਪੇਸ਼ ਨਾ ਚੱਲਦੀ ਵੇਖ ਵਿਚਾਰੀ ਰਾਜ ਬੈੱਡ ਤੋਂ ਉੱਠੀ ਤੇ ਕੰਮ ਕਰਨ ਲੱਗੀ, ਰੋਟੀ ਬਣਾ ਜਦੋਂ ਸਾਰਿਆਂ ਨੂੰ ਪਰੋਸਣ ਲੱਗੀ ਤਾਂ ਬੀਰੋ ਦੀ ਨਵੀ ਵਿਆਹੀ ਧੀ ਦਾ ਸਹੁਰਿਆਂ ਤੋਂ ਫੋਨ ਆਇਆ, ਸਾਰੇ ਜਣੇ ਲਾਊਡ ਸਪੀਕਰ ਲਾ ਗੱਲ ਕਰਨ ਲੱਗੇ.. ਬੀਰੋ ਨੇ ਪੁੱਛਿਆ ਪੁੱਤ ਕੀ ਕਰਦੀ ਅੱਗੋਂ ਕੁੜੀ ਨੇ ਦਰਦ ਭਰੀ ਅਵਾਜ਼ ਵਿੱਚ ਕਿਹਾ ਕਰਨਾ ਕੀ ਏ ਅੱਜ ਸਰੀਰ ਕੁਝ ਠੀਕ ਨਹੀਂ ਸੀ ਸਿਰ ਪੀੜ ਨਾਲ ਪਾਟੀ ਜਾਂਦਾ ਸੀ, ਪਰ ਕਿਸੇ ਨੇ ਕੰਮ ਚ' ਹੱਥ ਨਹੀਂ ਵਟਾਇਆ ... ਏਨਾ ਸੁਣਦੇ ਹੀ ਬੀਰੋ ਨੂੰ ਬੜਾ ਗੁੱਸਾ ਆਇਆ ਕਹਿੰਦੀ ਸੱਸ ਨੂੰ ਕੀ ਗੱਲ ਸੀ, ਉਹ ਨਹੀਂ ਸੀ ਕਰ ਸਕਦੀ, ਸਾਰਾ ਦਿਨ ਮੰਜਾਂ ਤੋੜਦੀ ਰਹਿੰਦੀ ਜੇ ਇੱਕ ਦਿਨ ਰੋਟੀ ਟੁੱਕ ਕਰ ਲੈਂਦੀ ਤਾਂ ਕੀ ਖਸ ਚੱਲਿਆ ਸੀ! ਮਾਂ ਦੀਆਂ ਆਦਤਾਂ ਤੋਂ ਜਾਣੂ ਧੀ ਨੇ ਮਾਂ ਦੀ ਗੱਲ ਸੁਣਦੇ ਕਿਹਾ "ਮਾਂ ਤੂੰ ਕਿੰਨਾ ਕੁ ਭਾਬੀ ਨੂੰ ਰੋਟੀ ਬਣਾ ਕੇ ਖਵਾਈ ਓ। " ਏਨੀ ਗੱਲ ਸੁਣਦੇ ਦੋਵੇਂ ਮਾਂ ਪੁੱਤ ਰਾਜ ਵੱਲ ਸ਼ਰਮਿੰਦਗੀ ਜਿਹੀ ਨਾਲ ਝਾਕਣ ਲੱਗੇ ਤੇ ਆਪਣੀਆਂ ਨਜ਼ਰਾਂ ਵਿੱਚ ਆਏ ਨੂੰਹ ਧੀ ਦੇ ਫਰਕ ਨੂੰ ਸਮਝਣ ਲੱਗੇ।

## ਓ ਭੋਲਿਆ ਮਨਾ

ਏਨਾ ਝੱਲਾ ਨਹੀਂ ਬਣੀਦਾ ਓ ਭੋਲਿਆ ਮਨਾ
ਲਾ ਪੱਥਰਾਂ ਦੇ ਸੰਗ ਇੱਕ ਦਿਨ ਟੁੱਟ ਜਾਵੇਗਾ
ਜੋ ਬਿੰਨ ਦੇ ਕਲ਼ੇਜਾ ਨਾਲ ਕੌੜੇ ਬੋਲਾਂ ਦੇ
ਵਪਾਰੀਆਂ ਦੇ ਹੱਥੋਂ ਇੱਕ ਦਿਨ ਲੁੱਟ ਜਾਵੇਗਾ
ਭਾਵੇਂ ਜੱਗ ਸਾਰਾ ਖੋਹ ਜੇ
ਤੂੰ ਹਰ ਇੱਕ ਦਾ ਹੀ ਹੋਜੇ
ਛੱਡ ਹਰ ਇੱਕ ਲਈ ਮਰ-ਮਿਟਣ ਦੀ ਆਦਤ
ਇੱਕ ਦਿਨ ਤੂੰ ਵੀ ਮਿਟ ਜਾਵੇਗਾ
ਜੋ ਬਿੰਨ ਦੇ ਕਲ਼ੇਜਾ ਨਾਲ ਕੌੜੇ ਬੋਲਾਂ ਦੇ
ਵਪਾਰੀਆਂ ਦੇ ਹੱਥੋਂ ਇੱਕ ਦਿਨ ਲੁੱਟ ਜਾਵੇਗਾ
ਉਹ ਦੋਗਲੇ ਨੇ ਜਿਹੜੇ ਚਿਹਰੇ
ਪਿੱਠ ਪਿੱਛੇ ਕਰਦੇ ਮਜ਼ਾਕ
ਮਿੱਠਾ ਬੋਲਦੇ ਮੂੰਹ ਉੱਤੇ ਤੇਰੇ
ਪੱਲੇ ਕੁੱਝ ਵੀ ਨਹੀਂ ਰਹਿਣਾ ਮੌਤ ਦੀ
ਖਾਈ ਖੁਦ ਪੁੱਟ ਲਵੇਗਾ
ਜੋ ਬਿੰਨ ਦੇ ਕਲ਼ੇਜਾ ਨਾਲ ਕੌੜੇ ਬੋਲਾਂ ਦੇ
ਵਪਾਰੀਆਂ ਦੇ ਹੱਥੋਂ ਇੱਕ ਦਿਨ ਲੁੱਟ ਜਾਵੇਗਾ।
ਦਿਲ ਵਿੱਚ ਬੈਠਣ ਲਈ ਪੈਂਦੇ ਸੀ ਜੋ ਪੈਰੀਂ
ਉੱਤੋਂ ਨੇ ਮਾਸੂਮ ਵਿੱਚੋਂ ਨਿਕਲੇ ਜੋ ਸੱਪ ਜ਼ਹਿਰੀ
ਚੜ੍ਹੇਗਾ ਉਹ ਮੁਹੱਬਤਾਂ ਦੀ ਸੂਲੀ
ਧਾਲੀਵਾਲ ਜੋ ਵੀ ਸੱਚ ਲਿਖ ਜਾਵੇਗਾ
ਜੋ ਬਿੰਨ ਦੇ ਕਲ਼ੇਜਾ ਨਾਲ ਕੌੜੇ ਬੋਲਾਂ ਦੇ
ਵਪਾਰੀਆਂ ਦੇ ਹੱਥੋਂ ਇੱਕ ਦਿਨ ਲੁੱਟ ਜਾਵੇਗਾ।
ਕੋਰੇ ਜਜਬਾਤਾਂ ਤੋ ਸੀ ਜੋ ਸੱਖਣੇ
ਤਾਹੀਓ ਹੀਰੇ ਜਿਹੇ ਯਾਰ ਆਏ ਨਹੀਓ ਰੱਖਣੇ
ਹੋਣੀ ਨਹੀਓ ਅਵਾਜ ਭੌਰਾ ਦਿਲ ਸ਼ੀਸ਼ੇ
ਵਾਂਗ ਟੁੱਟ ਜਾਵੇਗਾ
ਜੋ ਬਿੰਨ ਦੇ ਕਲ਼ੇਜਾ ਨਾਲ ਕੌੜੇ ਬੋਲਾਂ ਦੇ
ਵਪਾਰੀਆਂ ਦੇ ਹੱਥੋਂ ਇੱਕ ਦਿਨ ਲੁੱਟ ਜਾਵੇਗਾ।

ਗਗਨਦੀਪ ਧਾਲੀਵਾਲ ਝਲੂਰ ਬਰਨਾਲਾ
ਜਨਰਲ ਸਕੱਤਰ ਮਹਿਲਾ ਕਾਵਿ ਮੰਚ

# ਬਹਿਬਲ ਗੋਲੀ ਕਾਂਡ ਕੇਸ ਵਿੱਚ ਸੈਣੀ ਤੇ ਉਮਰਾਨੰਗਲ ਦੀ ਗ੍ਰਿਫਤਾਰੀ ’ਤੇ ਹਾਈ ਕੋਰਟ ਵੱਲੋਂ ਰੋਕ




ਫਰੀਦਕੋਟ, 2 ਮਾਰਚ (ਪੋਸਟ ਬਿਊਰੋ)- ਬਹਿਬਲ ਕਲਾਂ ਗੋਲੀ ਕਾਂਡ ਕੇਸ ਵਿੱਚ ਪੰਜਾਬ-ਹਰਿਆਣਾ ਹਾਈ ਕੋਰਟ ਨੇ ਕੱਲ੍ਹ ਪੰਜਾਬ ਦੇ ਸਾਬਕਾ ਡੀ ਜੀ ਪੀ ਸੁਮੇਧ ਸੈਣੀ ਅਤੇ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਦੀ ਗ੍ਰਿਫਤਾਰੀ ਉੱਤੇ ਰੋਕ ਲਾ ਕੇ ਦੋਵਾਂ ਨੂੰ ਅੱਠ ਮਾਰਚ ਨੂੰ ਇਲਾਕਾ ਮੈਜਿਸਟਰੇਟ ਦੀ ਅਦਾਲਤ ਵਿੱਚ ਹਾਜ਼ਰ ਹੋਣ ਦੇ ਹੁਕਮ ਦਿੱਤੇ ਹਨ।

ਵਰਣਨ ਯੋਗ ਹੈ ਕਿ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਨੇ ਸੁਮੇਧ ਸੈਣੀ ਅਤੇ ਉਮਰਾਨੰਗਲ ਦੇਖਿਲਾਫ 15 ਜਨਵਰੀ ਨੂੰ ਅਦਾਲਤ ਵਿੱਚ ਚਲਾਣ ਪੇਸ਼ ਕਰ ਦਿੱਤਾ ਸੀ, ਜਿਸ ਹੋਣ ਮਗਰੋਂ ਇਲਾਕਾ ਮੈਜਿਸਟਰੇਟ ਨੇ ਦੋਵਾਂ ਜਣਿਆਂ ਨੂੰ ਨੌਂ ਫਰਵਰੀ ਲਈ ਅਦਾਲਤ ਵਿੱਚ ਪੇਸ਼ਹੋਣ ਲਈ ਕਿਹਾ ਸੀ, ਪ੍ਰੰਤੂ ਦੋਵੇਂ ਪੇਸ਼ ਨਹੀਂ ਹੋਏ ਸਨ। ਇਸ ਕਰਕੇ ਅਦਾਲਤ ਨੇ ਸੁਮੇਧ ਸੈਣੀ ਦੇ ਜ਼ਮਾਨਤੀ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਸਨ। ਇਸ ਤੋਂ ਪਹਿਲਾਂ ਸੁਮੇਧ ਸੈਣੀ ਅਤੇ ਉਮਰਾਨੰਗਲ ਨੇ ਅਗਾਊਂ ਜ਼ਮਾਨਤ ਲਈ ਸੈਸ਼ਨ ਜੱਜ ਫਰੀਦਕੋਟ ਦੀ ਅਦਾਲਤ ਵਿੱਚ ਅਰਜ਼ੀ ਦਿੱਤੀ ਸੀ, ਜੋ 11 ਫਰਵਰੀ ਨੂੰ ਰੱਦ ਹੋ ਗਈ ਸੀ। ਫਿਰ ਦੋਵੇਂ ਜਣਿਆਂ ਨੇ ਅਗਾਊਂ ਜ਼ਮਾਨਤ ਲਈ ਪੰਜਾਬ ਹਰਿਆਣਾ ਹਾਈ ਕੋਰਟ ਨੂੰ ਪਹੁੰਚ ਕੀਤੀ ਸੀ। ਹਾਈ ਕੋਰਟ ਵਿੱਚ ਜ਼ਮਾਨਤ ਅਰਜ਼ੀਆਂ ਉੱਤੇ ਲਗਾਤਾਰ ਚਾਰ ਦਿਨ ਬਹਿਸ ਤੋਂ ਬਾਅਦ ਕੱਲ੍ਹ ਇਸ ਕੇਸ ਵਿੱਚ ਉਨ੍ਹਾਂ ਨੂੰ ਰਾਹਤ ਮਿਲ ਗਈ। ਸੁਮੇਧ ਸੈਣੀ ਅਤੇ ਉਮਾਰਨੰਗਲ ਉੱਤੇ ਬਹਿਬਲ ਗੋਲੀ ਕਾਂਡ ਦੀ ਸਾਜ਼ਿਸ਼ ਰਚਣ ਦੇ ਦੋਸ਼ ਹਨ। ਸਥਾਨਕ ਜੁਡੀਸ਼ਲ ਮੈਜਿਸਟਰੇਟ ਸੁਰੇਸ਼ ਕੁਮਾਰ ਨੇ ਕੱਲ੍ਹ ਇੱਥੇ ਚੱਲਦੇ ਕੇਸ ਦੀ ਸੁਣਵਾਈ ਨੌਂ ਮਾਰਚ ਤੱਕ ਮੁਲਤਵੀ ਕਰ ਦਿੱਤੀ ਹੈ।

ਮਾਮਲਾ ਕਿਸਾਨਾਂ ਵਿਰੁੱਧ ਅਪ-ਸ਼ਬਦ ਬੋਲਣ ਦਾ :

# ਗੁਜਰਾਤ ਦੇ ਉਪ ਮੁੱਖ ਮੰਤਰੀ, ਕੇਂਦਰੀ ਮੰਤਰੀ ਗਿਰੀਰਾਜ ਅਤੇ ਹੋਰਨਾਂ ਵਿਰੁੱਧ ਮਾਣਹਾਨੀ ਕੇਸ ਦਰਜ

ਫਿਰੋਜ਼ਪੁਰ, 2 ਮਾਰਚ (ਪੋਸਟ ਬਿਊਰੋ)- ਕੇਂਦਰ ਸਰਕਾਰ ਵੱਲੋਂ ਬਣਾਏ ਖੇਤੀ ਕਾਨੂੰਨਾਂ ਦਾ ਦੇਸ਼ ਭਰ ਵਿੱਚ ਵਿਰੋਧ ਕਰ ਰਹੇ ਕਿਸਾਨਾਂ ਦੇ ਅੰਦੋਲਨ ’ਤੇ ਗੁਜਰਾਤ ਦੇ ਉਪ-ਮੁੱਖ ਮੰਤਰੀ ਨਿਤਿਨ ਪਟੇਲ, ਭਾਜਪਾ ਦੇ ਪਾਰਲੀਮੈਂਟ ਮੈਂਬਰ ਰਵੀ ਕਿਸ਼ਨ, ਕੇਂਦਰੀ ਮੰਤਰੀ ਗਿਰੀਰਾਜ ਸਿੰਘ ਅਤੇ ਭਾਜਪਾ ਦੇ ਕੌਮੀ ਜਨਰਲ ਸਕੱਤਰ ਰਾਮਦੇਵ ਵੱਲੋਂ ਵੱਖ-ਵੱਖ ਅਖ਼ਬਾਰਾਂ ਵਿੱਚ ਦਿੱਤੇ ਬਿਆਨਾਂ ਅਤੇ ਕੀਤੇ ਟਵੀਟ ਕਾਰਨ ਜ਼ੀਰਾ ਅਤੇ ਫ਼ਿਰੋਜ਼ਪੁਰ ਦੇ ਕਿਸਾਨ ਬਲਰਾਜ ਸਿੰਘ ਕਟੋਰਾ, ਸਰਬਜੀਤ ਸਿੰਘ ਆਸ਼ੀਏ ਕੇ ਅਤੇ ਹੋਰਨਾਂ ਵੱਲੋਂ ਕੱਲ੍ਹ ਫਿਰੋਜ਼ਪੁਰ ਦੇ ਐਡਵੋਕੇਟ ਰਜਨੀਸ਼ ਦਹੀਆ ਤੇ ਜ਼ੀਰਾ ਦੇ ਐਡਵੋਕੇਟ ਗੁਰਜੀਤ ਸਿੰਘ ਸੰਧੂ ਨੇ ਮਾਣਹਾਨੀ ਦੇ ਕੇਸ ਦਾਇਰ ਕੀਤੇ ਹਨ।

ਦੋਵਾਂ ਵਕੀਲਾਂ ਅਤੇ ਸ਼ਿਕਾਇਤਕਰਤਾ ਕਿਸਾਨਾਂ ਨੇ ਦੱਸਿਆ ਕਿ ਇਨ੍ਹਾਂ ਭਾਜਪਾ ਆਗੂਆਂ ਨੇ ਸ਼ਾਂਤੀਪੂਰਨ ਅੰਦੋਲਨ ਕਰਦੇ ਕਿਸਾਨਾਂ ਖ਼ਿਲਾਫ਼ ਅਪਸ਼ਬਦ ਬੋਲੇ ਸਨ ਅਤੇ ਕਿਸਾਨਾਂ ਨੂੰ ਖਾਲਿਸਤਾਨੀ ਅੱਤਵਾਦੀ ਅਤੇ ਐਂਟੀ ਨੈਸ਼ਨਲਿਸਟ ਆਦਿ ਕਈ ਤਰ੍ਹਾਂ ਦੇ ਇਤਰਾਜ਼ਯੋਗ ਸ਼ਬਦਾਂ ਨਾਲ ਸੰਬੋਧਨ ਕੀਤਾ ਸੀ, ਜਿਸਬਾਰੇ ਕਿਸਾਨਾਂ ਵਿੱਚ ਇਨ੍ਹਾਂ ਭਾਜਪਾ ਆਗੂਆਂ ਦੇ ਬਾਰੇ ਰੋਸ ਵਧਦਾ ਗਿਆ। ਐਡਵੋਕੇਟ ਦਹੀਆ ਨੇ ਦੱਸਿਆ ਕਿ ਇਨ੍ਹਾਂ ਕਿਸਾਨਾਂ ਵੱਲੋਂ ਉਨ੍ਹਾਂ ਨੇ ਮੰਗ ਕੀਤੀ ਸੀ ਕਿ ਕਿਸਾਨਾਂ ਦੇ ਖਿਲਾਫ ਬੋਲੇ ਗਏ ਇਤਰਾਜ਼ਯੋਗ ਸ਼ਬਦਾਂ ਵਿਰੁੱਧ ਉਹ ਯੋਗ ਢੰਗ ਨਾਲ ਕਿਸਾਨਾਂ ਤੋਂ ਜਨਤਕ ਤੌਰ ਉੱਤੇ ਮਾਫ਼ੀ ਮੰਗਣ ਅਤੇ ਆਪਣੇ ਸ਼ਬਦ ਵਾਪਸ ਲੈ ਲੈਣ, ਕਿਉਂਕਿ ਭਾਜਪਾ ਆਗੂਆਂ ਵੱਲੋਂ ਬੋਲੇ ਅਪਸ਼ਬਦਾਂ ਕਾਰਨ ਦੇਸ਼ ਦੇ ਅੰਨਦਾਤਾ ਕਿਸਾਨ ਤੇ ਉਨ੍ਹਾਂ ਦੇ ਪਰਵਾਰਾਂ ਦੇ ਮਾਣ-ਸਨਮਾਨ ਨੂੰ ਠੇਸ ਪਹੁੰਚੀ ਹੈ। ਇਸ ਲੀਗਲ ਨੋਟਿਸ ਬਾਰੇ ਗੁਜਰਾਤਦੇ ਉਪ ਮੁੱਖ ਮੰਤਰੀ ਨਿਤਿਨ ਪਟੇਲ ਦੇ ਵਕੀਲ ਨੇ ਉਨ੍ਹਾਂ ਨੂੰ ਇੱਕ ਜਵਾਬ ਭੇਜਿਆ ਸੀ, ਜਿਸ ਨਾਲ ਸ਼ਿਕਾਇਤਕਰਤਾ ਕਿਸਾਨ ਸੰਤੁਸ਼ਟ ਨਹੀਂ ਹੋਏ ਅਤੇ ਬਾਕੀ ਦੇ ਭਾਜਪਾ ਆਗੂਆਂ ਵੱਲੋਂ ਇਸ ਕਾਨੂੰਨੀ ਨੋਟਿਸ ਦਾ ਜਵਾਬ ਵੀ ਨਹੀਂ ਦਿੱਤਾ ਗਿਆ।ਇਨ੍ਹਾਂ ਵਕੀਲਾਂ ਨੇ ਦੱਸਿਆ ਕਿ ਉਨ੍ਹਾਂ ਨੇ ਸ਼ਿਕਾਇਤਕਰਤਾ ਕਿਸਾਨਾਂ ਵੱਲੋਂ ਜ਼ੀਰਾਦੇ ਜੁਡੀਸ਼ਲ ਮਜਿਸਟ੍ਰੇਟ ਸਿਮਰਦੀਪ ਸਿੰਘ ਸੋਹੀ ਦੀ ਅਦਾਲਤ ਵਿੱਚ ਅਤੇ ਫਿਰੋਜ਼ਪੁਰ ਵਿੱਚ ਮੈਡਮ ਹਰਮਿਲਨਜੋਤ ਕੌਰ ਦੀ ਅਦਾਲਤ ਵਿੱਚ ਕੇਸ ਦਾਇਰ ਕੀਤੇ ਹਨ। ਜ਼ੀਰਾ ਦੀ ਅਦਾਲਤ ਵੱਲੋਂ ਦਾਇਰ ਕੀਤੇ ਗਏ ਕੇਸਾਂ ਵਿੱਚ 21 ਮਈ ਅਤੇ ਫ਼ਿਰੋਜ਼ਪੁਰ ਦੀ ਅਦਾਲਤ ਵੱਲੋਂ 7 ਅਪ੍ਰੈਲ 2021 ਦੀ ਅਗਲੀ ਤਾਰੀਖ ਪਾਈ ਗਈ ਹੈ, ਜਿਸ ਦੀ ਸੁਣਵਾਈ ਵੱਲ ਸਭ ਦੀ ਨਜ਼ਰ ਹੈ।



# ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਆਪਣੀ ਪੋਤੀ ਦੇ ਵਿਆਹ ਵਿੱਚ ਗੀਤ ਗਾਇਆ



ਜਲੰਧਰ, 2 ਮਾਰਚ (ਪੋਸਟ ਬਿਊਰੋ)- ਸਿਆਸਤ ਦੇ ਮੈਦਾਨ ਵਿੱਚ ਵੱਡੇ ਵਿਰੋਧੀਆਂ ਨਾਲ ਸਿੱਝਣ ਵਾਲੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ‘ਗਾਇਕ’ ਵੀ ਹਨ, ਇਹ ਗੱਲ ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗੀ। ਕੈਪਟਨ ਦਾ ਇਹ ਟੈਲੈਂਟ ਨਵੀਂ ਦਿੱਲੀ ਵਿੱਚ ਉਨ੍ਹਾਂ ਦੀ ਪੋਤਰੀ ਸਹਿਰਇੰਦਰ ਕੌਰ ਅਤੇ ਆਦਿਤਿਆ ਨਾਰੰਗ ਦੇ ਵਿਆਹ ਮੌਕੇ ਵੇਖਣ ਨੂੰ ਮਿਲਿਆ। ਇੱਥੇ ਉਨ੍ਹਾਂ ਨੇ ਮਾਈਕਹੱਥ ਵਿੱਚ ਲੈ ਕੇ ਮਹਿਮਾਨਾਂ ਦੀ ਹਾਜ਼ਰੀ ਵਿੱਚ ਪੂਰੇ ਸੁਰ-ਤਾਲ ਨਾਲ ਪੰਜਾਬੀ ਲੋਕ ਗੀਤ ਗਾ ਕੇ ਸਭ ਦਾ ਮਨ ਜਿੱਤ ਲਿਆ। ਇਸ ਮੌਕੇ ਉਨ੍ਹਾਂ ਦੀ ਪਤਨੀ ਪਰਨੀਤ ਕੌਰ ਵੀ ਮੌਜੂਦ ਸਨ।

ਕੈਪਟਨ ਅਮਰਿੰਦਰ ਸਿੰਘ ਨੇ ਜਿਹੜਾ ਗੀਤ ਗਾਇਆ, ਉਸ ਦੇ ਬੋਲ ਸਨ, ‘ਅੱਜ ਦੀ ਦਿਹਾੜੀ ਰੱਖ ਡੋਲੀ ਨੀ ਮਾਂ, ਰਹਾਂ ਬਾਬਲ ਦੀ ਬਣ ਕੇ ਗੋਲੀ ਨੀ ਮਾਂ...’, ਜਿਸ ਨੂੰ ਸੁਣ ਕੇ ਸਾਰੇ ਅਸ਼-ਅਸ਼ ਕਰ ਉਠੇ। ਕਦੇ ਫੌਜ ਵਿੱਚ ਕਪਤਾਨ ਰਹੇ ਮੁੱਖ ਮੰਤਰੀ ਅਮਰਿੰਦਰ ਸਿੰਘ ਇੰਨੇ ਬਿਹਤਰੀਨ ਅੰਦਾਜ਼ ਵਿੱਚ ਗੀਤ ਗਾ ਰਹੇ ਸਨ ਕਿ ਵੇਖਣ ਵਾਲਿਆਂ ਨੂੰ ਯਕੀਨ ਨਹੀਂ ਹੋ ਰਿਹਾ ਸੀ। ਇਹੀ ਕਾਰਨ ਹੈ ਕਿ ਜਦੋਂ ਵੀਡੀਓ ਇੰਟਰਨੈਟ ਮੀਡੀਆ ਉੱਤੇ ਆਇਆ ਤਾਂ ਵਾਇਰਲ ਹੋ ਗਿਆ।

## ਨਵਜੋਤ ਸਿੱਧੂ ਨੇ ਗਰੀਬਾਂ ਦੀ ਆਬਾਦੀ ਘੱਟ ਦਿਖਾਉਣ ਉਤੇ ਕੇਂਦਰ ਨੂੰ ਰਗੜਿਆ

ਅੰਮ੍ਰਿਤਸਰ, 2 ਮਾਰਚ (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਲੋਕਲ ਬਾਡੀਜ਼ ਮੰਤਰੀ ਅਤੇ ਕਾਂਗਰਸੀ ਆਗੂ ਨਵਜੋਤ ਸਿੰਘ ਸਿੱਧੂ ਨੇ ਕਿਸਾਨ ਮਾਮਲਿਆਂ ਤੋਂ ਬਾਅਦ ਕੱਲ੍ਹ ਕੇਂਦਰ ਦੀ ਭਾਜਪਾ ਸਰਕਾਰ ਨੂੰ ਖੁਰਾਕ ਸੁਰੱਖਿਆ ਐਕਟ ਹੇਠ ਗਰੀਬਾਂ ਦੀ ਗਿਣਤੀ ਦੇ ਅੰਕੜਿਆਂ ਲਈ ਕੋਸਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਇੱਕ ਸਾਜ਼ਿਸ਼ ਹੇਠ ਦੇਸ਼ ਵਿੱਚ ਗਰੀਬਾਂ ਦੀ ਗਿਣਤੀ ਘੱਟ ਦੱਸ ਰਹੀ ਹੈ। ਉਨ੍ਹਾਂ ਵੀਡੀਓ ਜਾਰੀ ਕਰ ਕੇ ਕਿਹਾ ਕਿ ਵੋਟਰ ਸੂਚੀਆਂ ਬਣਾਉਣ ਤੇ ਇਸ ਦੇ ਅੰਕੜੇ ਇਕੱਠੇ ਕਰਨ ਲਈ ਸਰਕਾਰ ਵੱਲੋਂ ਨਿਰੰਤਰ ਸਰਵੇਖਣ ਕਰਾਏ ਜਾਂਦੇ ਹਨ, ਪਰ ਅਸਲ ਗਰੀਬਾਂ ਦਾ ਪਤਾ ਲਾਉਣ ਲਈ ਕੋਈ ਯਤਨ ਨਹੀਂ ਕੀਤਾ ਗਿਆ।

ਨਵਜੋਤ ਸਿੰਘ ਸਿੱਧੂ ਨੇ 2015 ਵਿੱਚ ਇਸ ਬਾਰੇ ਬਣੀ ਸ਼ਾਂਤਾ ਕੁਮਾਰ ਕਮੇਟੀ ਦੀ ਕਾਰਗੁਜ਼ਾਰੀ ਉੱਤੇ ਵੀ ਸੁਆਲ ਚੁੱਕੇ, ਜਿਸ ਦੀ ਸਿਫਾਰਸ਼ ਉੱਤੇ ਬੀ ਪੀ ਐਲ (ਗਰੀਬੀ ਰੇਖਾ ਤੋਂ ਹੇਠਾਂ) ਵਾਲੇ ਗਰੀਬਾਂ ਦੀ ਗਿਣਤੀ 7 ਫੀਸਦੀ ਤੋਂ ਚਾਲੀ ਫੀਸਦੀ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਸ਼ਾਂਤਾ ਕੁਮਾਰ ਕਮੇਟੀ ਨੇ ਇਹ ਸਿਫਾਰਸ਼ਾਂ 2011 ਦੀ ਮਰਦਮਸ਼ੁਮਾਰੀ ਦੇ ਆਧਾਰ ਉੱਤੇ ਕੀਤੀਆਂ ਸਨ, ਜਦੋਂ ਕਿ ਦੇਸ਼ ਦੀ ਆਬਾਦੀ ਹਰ ਸਾਲ ਵਧਦੀ ਹੈ। ਦਹਾਕਾ ਪਹਿਲਾਂ ਆਬਾਦੀ ਲਗਭਗ 120 ਕਰੋੜ ਸੀ ਅਤੇ ਓਦੋਂ ਬੀ ਪੀ ਐਲ ਸਕੀਮ ਹੇਠ ਗਰੀਬਾਂ ਦੀ ਗਿਣਤੀ 80 ਕਰੋੜ ਸੀ, ਜੋ ਵਧਦੀ ਆਬਾਦੀ ਦੇ ਨਾਲ ਨੱਬੇ ਕਰੋੜ ਹੋਣੀ ਚਾਹੀਦੀ ਸੀ। ਇਸ ਦੇ ਨਾਲ ਹੀ ਉਨ੍ਹਾਂ ਕੱਲ੍ਹ ਮੁੜ ਕਿਸਾਨ ਸੰਘਰਸ਼ ਦੇ ਹੱਕ ਵਿੱਚ ਵੀ ਟਵੀਟ ਕੀਤਾ ਹੈ।

# ਪੰਜਾਬ ਵਿੱਚ ਮਿਲਾਵਟੀ ਸ਼ਰਾਬ ਵੇਚਣ ਵਾਲੇ ਲੋਕਾਂ ਨੂੰ ਮੌਤ ਦੀ ਸਜ਼ਾ ਮਿਲੇਗੀ



ਪੰਜਾਬ ਮੰਤਰੀ ਮੰਡਲ ਬੈਠਕ ਦੀ ਪ੍ਰਧਾਨਗੀ ਕਰਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਕੈ. ਅਮਰਿੰਦਰ ਸਿੰਘ।

ਚੰਡੀਗੜ੍ਹ, 2 ਮਾਰਚ (ਪੋਸਟ ਬਿਊਰੋ)- ਗੈਰ ਕਾਨੂੰਨੀ ਅਤੇ ਨਕਲੀ ਸ਼ਰਾਬ ਦੇ ਕਾਰੋਬਾਰ ਦੇ ਖ਼ਾਤਮੇ ਲਈ ਕੱਲ੍ਹ ਪੰਜਾਬ ਕੈਬਨਿਟ ਨੇ ਪੰਜਾਬ ਐਕਸਾਈਜ਼ ਐਕਟ, 1914 ਵਿੱਚ ਧਾਰਾ 61-ਏ ਦਰਜ ਕਰਨ ਅਤੇ ਧਾਰਾ 61 ਤੇ 63 ਵਿੱਚ ਸੋਧ ਕਰਨ ਦੀ ਪ੍ਰਵਾਨਗੀ ਦੇ ਦਿੱਤੀਹੈ। ਮੰਤਰੀ ਮੰਡਲ ਵੱਲੋਂ ਇਸ ਬਾਰੇ ਵਿਧਾਨ ਸਭਾ ਦੇ ਚਲੰਤ ਬਜਟ ਇਜਲਾਸ ਵਿੱਚ ਬਿੱਲ ਲਿਆਉਣ ਦੀ ਪ੍ਰਵਾਨਗੀ ਵੀ ਦਿੱਤੀ ਗਈ ਹੈ। ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਮੰਤਰੀ ਮੰਡਲ ਨੇ ਅਜਿਹੀਆਂ ਗਲਤ ਗਤੀਵਿਧੀਆਂ ਵਿੱਚ ਸ਼ਾਮਲ ਵਿਅਕਤੀਆਂ ਉੱਤੇ ਨਕੇਲ ਕੱਸਣ ਤੇ ਅਜਿਹੇ ਲੋਕਾਂ ਨੂੰ ਸਜ਼ਾ ਦੇਣ ਲਈ ਐਕਸਾਈਜ਼ ਐਕਟ ਵਿੱਚ ਯੋਜਨਾਬੱਧ ਤਬਦੀਲੀ ਕਰਨ ਦਾ ਫੈਸਲਾ ਲਿਆ ਹੈ। ਇਹ ਫੈਸਲਾ ਅੰਮ੍ਰਿਤਸਰ, ਗੁਰਦਾਸਪੁਰ ਅਤੇ ਤਰਨਤਾਰਨ ਜ਼ਿਲ੍ਹਿਆਂ ਵਿੱਚ ਵਾਪਰੀਆਂਘਟਨਾਵਾਂ ਦੇ ਕਾਰਨ ਲਿਆ ਗਿਆ ਹੈ, ਜਿੱਥੇ ਜੁਲਾਈ 2020 ਵਿੱਚ ਨਕਲੀ ਅਤੇ ਮਿਲਾਵਟੀ ਸ਼ਰਾਬ ਪੀਣ ਨਾਲ ਕਈ ਮੌਤਾਂ ਹੋ ਗਈਆਂ ਸਨ। ਅਜਿਹੇ ਕੇਸਾਂ, ਜਿੱਥੇ ਨਕਲੀ ਜਾਂ ਨਾਜਾਇਜ਼ ਸ਼ਰਾਬ ਪੀਣ ਨਾਲ ਵਿਅਕਤੀ ਦੀ ਮੌਤ ਜਾਂ ਹਾਲਤ ਗੰਭੀਰ ਹੋ ਜਾਂਦੀ ਹੈ, ਵਿੱਚ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਲਈ ਐਕਟ ਵਿੱਚ ਸੋਧ ਕਰਨ ਦੀ ਲੋੜ ਮਹਿਸੂਸ ਕੀਤੀ ਗਈ। ਪੰਜਾਬ ਐਕਸਾਈਜ਼ ਐਕਟ ਵਿੱਚ ਇਨ੍ਹਾਂ ਧਾਰਾਵਾਂ ਨੂੰ ਸ਼ਾਮਲ ਕਰਨ ਦਾ ਮਕਸਦ ਕਾਨੂੰਨ ਤੋੜਨ ਵਾਲਿਆਂ ਦੇ ਮਨਾਂ ਵਿੱਚ ਕਾਨੂੰਨ ਦਾ ਡਰ ਪੈਦਾ ਕਰਨਾ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾ ਦੇਣਾ ਹੈ।

ਦੱਸਿਆ ਗਿਆ ਹੈ ਕਿ ਪੰਜਾਬ ਐਕਸਾਈਜ਼ ਐਕਟ 1914 ਵਿੱਚ ਇਸ ਦੀ ਉਪ ਧਾਰਾ (1) ਵਜੋਂ ਇੱਕ ਨਵੀਂ ਧਾਰਾ 61-ਏ ਸ਼ਾਮਲ ਕੀਤੀ ਗਈ ਹੈ, ਜਿਸ ਵਿੱਚ ਇਹ ਵਿਵਸਥਾ ਹੈ ਕਿ ਜੋ ਵਿਅਕਤੀ ਆਪਣੇ ਵੱਲੋਂ ਬਣਾਈ ਜਾਂ ਵੇਚੀ ਗਈ ਸ਼ਰਾਬ ਵਿੱਚ ਕਿਸੇ ਵੀ ਕਿਸਮ ਦੇ ਹਾਨੀਕਾਰਕ ਜਾਂ ਨਕਲੀ ਪਦਾਰਥ, ਜਿਸ ਨਾਲ ਅਪੰਗਤਾ ਜਾਂ ਗੰਭੀਰ ਹਾਲਤ ਜਾਂ ਮੌਤ ਹੋ ਸਕਦੀ ਹੈ, ਨੂੰ ਮਿਲਾਉਂਦਾ ਹੈ ਜਾਂ ਮਿਲਾਉਣ ਦਿੰਦਾ ਹੈ, ਸਜ਼ਾ ਦਾ ਹੱਕਦਾਰ ਹੋਵੇਗਾ। ਕਿਸੇ ਵਿਅਕਤੀ ਦੀ ਮੌਤ ਦੀ ਸੂਰਤ ਵਿੱਚ ਅਜਿਹੇ ਦੋਸ਼ੀ ਨੂੰ ਮੌਤ ਜਾਂ ਉਮਰ ਕੈਦ ਦੀ ਸਜ਼ਾ ਦੇਣ ਦੇ ਨਾਲ 20 ਲੱਖ ਰੁਪਏ ਤੱਕ ਜੁਰਮਾਨਾ ਲਾਇਆ ਜਾ ਸਕੇਗਾ। ਅਪਾਹਜ ਜਾਂ ਗੰਭੀਰ ਹਾਲਤ ਦੀ ਸਥਿਤੀ ਵਿੱਚ ਦੋਸ਼ੀ ਨੂੰ ਘੱਟੋ-ਘੱਟ ਛੇ ਸਾਲ ਤੋਂ ਉਮਰ ਕੈਦ ਤੱਕ ਦੀ ਸਜ਼ਾ ਅਤੇ 10 ਲੱਖ ਰੁਪਏ ਤੱਕ ਜੁਰਮਾਨਾ ਲਾਇਆ ਜਾ ਸਕੇਗਾ। ਇਸੇ ਤਰ੍ਹਾਂ ਕਿਸੇ ਹੋਰ ਗੰਭੀਰ ਨੁਕਸਾਨ ਦੇ ਪਹੁੰਚਣ ਦੀ ਸਥਿਤੀ ਵਿੱਚ ਦੋਸ਼ੀ ਨੂੰ ਇੱਕ ਸਾਲ ਤੱਕ ਦੀ ਕੈਦ ਅਤੇ ਪੰਜ ਲੱਖ ਰੁਪਏ ਤੱਕ ਦਾ ਜੁਰਮਾਨਾ ਹੋ ਸਕੇਗਾ। ਕਿਸੇ ਤਰ੍ਹਾਂ ਜ਼ਖਮੀ ਨਾ ਹੋਣ ਦੇ ਕੇਸ ਵਿੱਚ ਦੋਸ਼ੀ ਨੂੰ ਛੇ ਮਹੀਨੇ ਤੱਕ ਦੀ ਕੈਦ ਅਤੇ 2.50 ਲੱਖ ਰੁਪਏ ਤੱਕ ਦਾ ਜੁਰਮਾਨਾ ਲਾਇਆ ਜਾ ਸਕੇਗਾ।

## ਦੋ ਬੱਚਿਆਂ ਦੀ ਮਾਂ ਨੇ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ

ਬਠਿੰਡਾ, 2 ਮਾਰਚ (ਪੋਸਟ ਬਿਊਰੋ)- ਇਸ ਸ਼ਹਿਰ ਅੰਦਰ ਇੱਕ ਵਿਅਹੁਤਾ ਲੜਕੀ ਸਮੇਤ ਦੋ ਨੌਜਵਾਨਾਂ ਦੀ ਵੱਖ-ਵੱਖ ਕਾਰਨਾਂ ਦੇ ਚਲਦਿਆਂ ਮੌਤ ਹੋਣ ਦੀ ਸੂਚਨਾ ਹੈ।

ਮਿਲੀ ਜਾਣਕਾਰੀ ਅਨੁਸਾਰ ਸ਼ਹਿਰ ਦੀ ਧੋਬੀਆਣਾ ਬਸਤੀ ਵਿਖੇ ਵਿਆਹੁਤਾ ਲੜਕੀ ਨੇ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ ਹੈ। ਮੌਕੇ ਉੱਤੇ ਪੁੱਜੀ ਨੌਜਵਾਨ ਵੈਲਫ਼ੇਅਰ ਦੀ ਟੀਮ ਨੇ ਦੱਸਿਆ ਕਿ ਮ੍ਰਿਤਕਾ ਦੀ ਸ਼ਨਾਖ਼ਤ ਨੀਰਜ ਬਾਲਾ (24) ਪਤਨੀ ਜਤਿੰਦਰ ਕੁਮਾਰ ਵਾਸੀ ਧੋਬੀਆਣਾ ਗਲੀ ਨੰਬਰ 1 ਵਜੋਂ ਹੋਈ ਹੈ। ਉਹ ਲੁਧਿਆਣਾ ਦੀ ਰਹਿਣ ਵਾਲੀ ਸੀ ਅਤੇ ਬਠਿੰਡਾ ਵਿਆਹੀ ਹੋਈ ਸੀ। ਪਤਾ ਲੱਗਾ ਹੈ ਕਿ ਮ੍ਰਿਤਕਾ ਦੇ ਦੋ ਛੋਟੇ-ਛੋਟੇ ਬੱਚੇ ਹਨ। ਇਹ ਸੂਚਨਾ ਮਿਲੀ ਹੈ ਕਿ ਲੜਕੀ ਨੇ ਇੱਕ ਦਫ਼ਾ ਪਹਿਲਾਂ ਵੀ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਸੀ। ਇਸੇ ਤਰ੍ਹਾਂ ਸ਼ਹਿਰ ਦੇ ਵੱਖ-ਵੱਖ ਖੇਤਰਾਂ ਵਿੱਚ ਬੇਹੋਸ਼ੀ ਦੀ ਹਾਲਤ ਵਿੱਚ ਮਿਲੇ 2 ਨੌਜਵਾਨਾਂ ਦੀ ਮੌਤ ਹੋ ਗਈ ਹੈ, ਜਿਨ੍ਹਾਂ ਵਿੱਚੋਂ ਇੱਕ ਨੌਜਵਾਨ ਸਿਵਲ ਹਸਪਤਾਲ ਦੇ ਗੇਟ ਅੱਗੇ ਗੰਭੀਰ ਹਾਲਤ ਵਿੱਚ ਮਿਲਿਆ ਸੀ, ਜਿਸ ਨੂੰ ਨੌਜਵਾਨ ਵੈਲਫ਼ੇਅਰ ਦੇ ਵਰਕਰਾਂ ਨੇ ਹਸਪਤਾਲ ਵਿੱਚ ਦਾਖ਼ਲ ਕਰਵ-ਾਇਆ,ਪਰ ਉਸ ਦੀ ਕੁਝ ਦੇਰ ਬਾਅਦ ਮੌਤ ਹੋ ਗਈ। ਮ੍ਰਿਤਕ ਨੌਜਵਾਨ ਦੀ ਪਛਾਣ ਨਹੀਂ ਹੋ ਸਕੀ। ਡਾਕਟਰੀ ਟੀਮ ਅਨੁਸਾਰ ਮ੍ਰਿਤਕ ਨੌਜਵਾਨ ਨੇ ਜ਼ਹਿਰ ਖਾਧੀ ਲੱਗਦੀ ਸੀ। ਇਸ ਤਰ੍ਹਾਂ ਦੂਜਾ ਨੌਜਵਾਨ ਸ਼ਹਿਰ ਦੇ ਮਿੱਤਲ ਮਾਲ ਨਜ਼ਦੀਕ ਬੇਹੋਸ਼ੀ ਦੀ ਹਾਲਤ ਵਿੱਚ ਮਿਲਿਆ, ਜਿਸ ਨੂੰ ਨੌਜਵਾਨ ਵੈਲਫ਼ੇਅਰ ਸੁਸਾਇਟੀ ਦੀ ਟੀਮ ਨੇ ਹਸਪਤਾਲ ਦਾਖ਼ਲ ਕਰਵਾਇਆ, ਜਿੱਥੇ ਉਸ ਦੀ ਮੌਤ ਹੋ ਗਈ। ਮ੍ਰਿਤਕ ਨੌਜਵਾਨ ਦੀ ਸ਼ਨਾਖ਼ਤ ਰਾਹੁਲ ਕੁਮਾਰ (18) ਪੁੱਤਰ ਸ਼ਾਮ ਕਿਸ਼ੋਰ ਵਾਸੀ ਅਰਜਨ ਨਗਰ ਬਠਿੰਡਾ ਵਜੋਂ ਹੋਈ ਹੈ।

# ਭਾਜਪਾ ਦੇ ਸਾਬਕਾ ਕੌਂਸਲਰ ਵੱਲੋਂ ਘਰ ਵਿੱਚ ਨਸ਼ੇ ਦਾ ਡੰਪ ਬਣਾਇਆ ਲੱਭਾ

*** 1.29 ਲੱਖ ਨਸ਼ੀਲੀਆਂ ਗੋਲੀਆਂ ਬਰਾਮਦ, ਚਾਰ ਗ੍ਰਿਫਤਾਰ * ਨਸ਼ੇ ਦੀ ਗਿਣਤੀ ਕਰਦੇ ਥੱਕ ਗਏ ਪੁਲਸੀਏ, ਸਵੇਰੇ ਫਿਰ ਕਾਊਂਟਿੰਗ ਕੀਤੀ**



ਲੁਧਿਆਣਾ, 2 ਮਾਰਚ (ਪੋਸਟ ਬਿਊਰੋ)- ਕਿਰਾਏ ਉੱਤੇ ਘਰ ਦੇ ਕੇ ਨਸ਼ੇ ਦਾ ਕਾਰੋਬਾਰ ਕਰਨ ਵਾਲੇ ਭਾਜਪਾ ਦੇ ਸਾਬਕਾ ਕੌਂਸਲਰ ਅਤੇ ਮੌਜੂਦਾ ਸੂਬਾ ਕਾਰਜਕਾਰਨੀ ਮੈਂਬਰ ਸਤੀਸ਼ ਨਾਗਰ ਨੂੰ ਉਸ ਦੇ ਤਿੰਨ ਵਰਕਰਾਂ ਹਿੰਮਤ, ਅਨੂਪ ਸ਼ਰਮਾ ਤੇ ਰਾਜਿੰਦਰ ਦੇ ਨਾਲ ਥਾਣਾ ਡਵੀਜ਼ਨ ਨੰਬਰ ਚਾਰ ਦੀ ਪੁਲਸ ਨੇ ਗ੍ਰਿਫਤਾਰ ਕੀਤਾ ਹੈ। ਪੁਲਸ ਨੇ ਸਤੀਸ਼ ਨਾਗਰ ਦੇ ਘਰ 'ਚੋਂ 1.29 ਲੱਖ ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਹਨ, ਜੋ ਪਾਬੰਦੀਸ਼ੁਦਾ ਹਨ। ਇਸ ਦੇ ਬਾਅਦ ਪੁਲਸ ਨੇ ਘਰ ਨੂੰ ਸੀਲ ਕਰ ਦਿੱਤਾ ਅਤੇ ਦੋਸ਼ੀਆਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

ਐਤਵਾਰ ਸ਼ਾਮ ਪੁਲਸ ਨੂੰ ਸੂਚਨਾ ਮਿਲੀ ਸੀ ਕਿ ਦੋਸ਼ੀ ਸਤੀਸ਼ ਨਾਗਰ ਆਪਣੇ ਕਿਰਾਏ ਉੱਤੇ ਦਿੱਤੇ ਮਕਾਨ ਵਿੱਚ ਨਸ਼ੇ ਦਾ ਕਾਰੋਬਾਰ ਚਲਾ ਰਿਹਾ ਹੈ। ਇਸ ਪਿੱਛੋਂ ਥਾਣਾ ਡਵੀਜ਼ਨ ਨੰਬਰ ਚਾਰ, ਕੋਤਵਾਲੀ ਤੇ ਬਾਕੀ ਦੇ ਥਾਣਿਆਂ ਦੇ ਪੁਲਸ ਅਧਿਕਾਰੀਆਂ ਨੇ ਮਿਲ ਕੇ ਛਾਉਣੀ ਮੁਹੱਲੇ ਵਿੱਚ ਛਾਪਾ ਮਾਰਿਆ, ਜਿੱਥੇ ਹੇਠਾਂ ਦੁਕਾਨਾਂ ਕਿਰਾਏ ਉੱਤੇ ਦਿੱਤੀਆਂ ਹੋਈਆਂ ਅਤੇ ਦੂਸਰੀ ਮੰਜ਼ਿਲ ਉੱਤੇ ਬਣੇ ਦੋ ਕਮਰੇ ਕਿਰਾਏ ਉੱਤੇ ਦਿੱਤੇ ਹੋਏ ਸਨ। ਪੁਲਸ ਉਥੇ ਪਹੁੰਚੀ ਤਾਂ ਅੰਦਰੋਂ ਨਸ਼ੀਲੀਆਂ ਗੋਲੀਆਂ ਦਾ ਜ਼ਖੀਰਾ ਬਰਾਮਦ ਹੋਇਆ, ਜਿਸ ਨੂੰ ਦੇਖ ਕੇ ਖੁਦ ਪੁਲਸ ਹੈਰਾਨ ਰਹਿ ਗਈ। ਜਦ ਗੋਲੀਆਂ ਦੀ ਕਾਊਂਟਿੰਗ ਸ਼ੁਰੂ ਕੀਤੀ ਤਾਂ ਗਿਣਦੇ-ਗਿਣਦੇ ਰਾਤ ਦੇ ਡੇਢ ਵੱਜ ਗਏ। ਇਸ ਦੇ ਬਾਅਦ ਸਰਚ ਵਾਰੰਟ ਦੀ ਫਾਰਮੈਲਟੀ ਨੂੰ ਪੂਰਾ ਕਰਨ ਲਈ ਪੁਲਸ ਨੇ ਸਮਾਂ ਲਿਆ ਅਤੇ ਦੋਬਾਰਾ ਸਵੇਰੇ ਕਾਊਂਟਿੰਗ ਦੀ ਗੱਲ ਕਹਿ ਕੇ ਅਤੇ ਘਰ ਨੂੰ ਸੀਲ ਕਰ ਚਲੇ ਗਏ। ਸਵੇਰੇ ਫਿਰ ਗੋਲੀਆਂ ਦੀ ਕਾਊਂਟਿੰਗ ਸ਼ੁਰੂ ਕੀਤੀ ਅਤੇ ਰਾਤ ਕਰੀਬ ਅੱਠ ਵਜੇ ਪੂਰੀ ਹੋਈ। ਇਸ ਦੇ ਬਾਅਦ ਪੁਲਸ ਨੇ ਸਾਰੀਆਂ ਦਵਾਈਆਂ ਅਤੇ ਦੋਸ਼ੀਆਂ ਨੂੰ ਕਾਬੂ ਕਰ ਲਿਆ।

## ਸੜਕ ਹਾਦਸੇ ਵਿੱਚਦੋ ਮੌਤਾਂ,ਚਾਰ ਔਰਤਾਂ ਤੇ ਇੱਕ ਬੱਚਾ ਜ਼ਖ਼ਮੀ

ਤਪਾ ਮੰਡੀ, 2 ਮਾਰਚ (ਪੋਸਟ ਬਿਊਰੋ)- ਬਰਨਾਲਾ-ਬਠਿੰਡਾ ਮੁੱਖ ਮਾਰਗ ’ਤੇ ਓਵਰਬ੍ਰਿਜ਼ ਉਪਰ ਇੱਕ ਕਾਰ ਫੁੱਟਪਾਥ ਨਾਲ ਟਕਰਾਉਣ ਕਾਰਨ ਦੋ ਮੌਤਾਂ ਹੋ ਗਈਆਂ ਅਤੇ ਚਾਰ ਔਰਤਾਂ ਸਮੇਤ ਇੱਕ ਬੱਚਾ ਹੋ ਗਏ।

ਸਿਵਲ ਹਸਪਤਾਲ ਤਪਾ ਵਿਖੇ ਦਾਖਲ ਸ਼ਿੰਦੋ ਦੇਵੀ ਵਾਸੀ ਝੋਰੜਾ (ਮਲੋਟ) ਨੇ ਦੱਸਿਆ ਕਿ ਉਹ ਆਪਣੇ ਪਤੀ ਬੀਰਾ ਸਿੰਘ, ਜਵਾਈ ਜੱਗੀ ਸਿੰਘ, ਦੋ ਭੈਣਾਂ ਮਨਜੀਤ ਕੌਰ ਤੇ ਸੀਮਾ ਰਾਣੀ, ਭੈਣ ਲੱਖੀ ਕੌਰ ਅਤੇ ਦੋਹਤਰੇ ਰਾਹੁਲ ਨਾਲ ਬਰਨਾਲੇ ਆਪਣੇ ਭਰਾ ਦਾ ਅੰਤਮ ਸਸਕਾਰ ਕਰਵਾ ਕੇ ਵਾਪਸ ਪਿੰਡ ਜਾ ਰਹੀ ਸੀ। ਜਦ ਬਰਨਾਲਾ-ਬਠਿੰਡਾ ਮੁੱਖ ਮਾਰਗ ਉਤੇ ਤਪਾ ਓਵਰਬ੍ਰਿਜ਼ ਉਪਰ ਪੁੱਜੇ ਤਾਂ ਉਨ੍ਹਾਂ ਦੀ ਕਾਰ ਫੁੱਟਪਾਥ ਨਾਲ ਜਾ ਟਕਰਾਈ ਜਿਸ ਕਾਰਨ ਕਾਰ ਦਾ ਮੂੰਹ ਘੁੰਮ ਕੇ ਬਰਨਾਲਾ ਸਾਈਡ ਵੱਲ ਹੋ ਗਿਆ ਅਤੇ ਉਹ ਗੰਭੀਰ ਜ਼ਖ਼ਮੀ ਹੋ ਗਏ।ਵੱਡੀ ਗਿਣਤੀ ਵਿੱਚ ਇਕੱਠੇ ਹੋਏ ਲੋਕਾਂ ਨੇ ਇਸ ਦੀ ਸੂਚਨਾ ਮਿੰਨੀ ਸਹਾਰਾ ਕਲੱਬ ਅਤੇ ਤਪਾ ਪੁਲਸ ਨੂੰ ਦਿੱਤੀ ਤਾਂ ਮਿੰਨੀ ਸਹਾਰਾ ਕਲੱਬ ਦੇ ਮੈਂਬਰ ਅਤੇ 108 ਐਂਬੂਲੈਂਸ ਮੌਕੇ ਉੱਤੇ ਪੁੱਜੀਆਂ, ਜਿਨ੍ਹਾਂ ਨੇ ਜ਼ਖ਼ਮੀਆਂ ਨੂੰ ਸਿਵਲ ਹਸਪਤਾਲ ਤਪਾ ਵਿਖੇ ਦਾਖ਼ਲ ਕਰਾਇਆ। ਡਾਕਟਰਾਂ ਨੇ ਗੰਭੀਰ ਜ਼ਖ਼ਮੀਆਂ ਨੂੰ ਮੁਢਲੀ ਸਹਾਇਤਾ ਦੇ ਕੇ ਅੱਗੇ ਰੈਫ਼ਰ ਕਰ ਦਿੱਤਾ, ਪਰ ਹਾਦਸੇ ਵਿੱਚ ਸ਼ਿੰਦੋ ਦੇਵੀ ਦੇ ਪਤੀ ਅਤੇ ਜਵਾਈ ਦੀ ਮੌਤ ਹੋ ਗਈ। ਬਾਕੀ ਜ਼ਖ਼ਮੀਆਂ ਦਾ ਇਲਾਜ ਚੱਲ ਰਿਹਾ ਹੈ।

# ਪਾਖੰਡੀ ਸਾਧ ਟੋਲੇ ਵੱਲੋਂ ਜਿੰਨ ਬਣ ਕੇ 22 ਸਾਲਾ ਕੁੜੀ ਨਾਲ ਸਮੂਹਿਕ ਬਲਾਤਕਾਰ



ਬਰਨਾਲਾ, 2 ਮਾਰਚ (ਪੋਸਟ ਬਿਊਰੋ)- ਬਰਨਾਲਾ ਵਿੱਚ ਇੱਕ ਤਾਂਤਰਿਕ ਬਾਬੇ ਵੱਲੋਂ 22 ਸਾਲਾ ਨੌਜਵਾਨ ਲੜਕੀ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾ ਲਿਆ ਜਾਣ ਪਿੱਛੋਂ ਸਮੂਹਿਕ ਬਲਾਤਕਾਰ ਕੀਤੇ ਜਾਣ ਦੀ ਖਬਰ ਹੈ।

ਤਾਂਤਰਿਕ ਦੇ ਇੱਕ ਫੜੇ ਸਾਥੀ ਚੰਦ ਲਾਲ ਬਾਰੇ ਪੀੜਤ ਲੜਕੀ ਦੀ ਮਾਤਾ ਨੇ ਦੱਸਿਆ ਕਿ ਚੰਦ ਲਾਲ ਨੇ ਦੱਸਿਆ ਕਿ ਤਾਂਤਰਿਕ ਮਨੋਜ ਬਾਬਾ ਕਹਿੰਦਾ ਹੈ ਕਿ ਸਰੀਰ ਉੱਤੇ ਕੋਈ ਬਿਨਾਂ ਕੱਟ ਲੱਗੀ ਅੱਲ੍ਹੜ ਕੁੜੀ ਦਾ ਜਿੰਨ ਨਾਲ ਵਿਆਹ ਕਰਕੇ ਨੋਟਾਂ ਦੀ ਬਾਰਸ਼ ਕਰਵਾ ਸਕਦਾ ਹੈ।ਇਸ ਲਾਲਚ ਵਿੱਚ ਆ ਕੇ ਪਹਿਲਾਂ ਕਰਮਜੀਤ ਕੌਰ ਨਾਲ ਵਿਆਹ ਕਰਾਉਣ ਲਈ ਤਾਂਤਰਿਕ ਨੂੰ ਮਿਲਾਇਆ, ਪਰ ਉਸ ਦਾ ਅਪ੍ਰੇਸ਼ਨ ਹੋਇਆ ਹੋਣ ਕਰ ਕੇ ਸਰੀਰ ਦੇ ਲੱਗੇ ਕੱਟ ਕਾਰਨ ਤਾਂਤਰਿਕ ਨੇ ਉਸ ਦਾ ਜਿੰਨ ਨਾਲ ਵਿਆਹ ਕਰਨ ਤੋਂ ਨਾਂਹ ਕਰ ਦਿੱਤੀ। ਫਿਰ ਅਕਾਲੀ ਆਗੂ ਘੜੀਆਂ ਵਾਲੇ ਅਤੇ ਕਰਮਜੀਤ ਕੌਰ ਨਾਲ ਮਿਲ ਕੇ ਉਹ ਸੇਖਾ ਰੋਡ ਕਾਕੇ ਦੀਆਂ ਬੇਰੀਆਂ ਵਾਲੇ ਇਲਾਕੇ ਵਿੱਚ ਰਹਿੰਦੇ ਇੱਕ ਵਿਅਕਤੀ ਦੇ ਘਰ ਗਏ, ਜਿੱਥੇ ਬਾਬੇ ਦੇ ਕੋਲ 22 ਸਾਲਾ ਦੀ ਇੱਕ ਪੜ੍ਹੀ ਲਿਖੀ ਬੱਚੀ ਨੂੰ ਪੇਸ਼ ਕੀਤਾ ਗਿਆ। ਇਸ ਸਮੇਂ ਪਹਿਲਾਂ ਸਾਧ ਨੇ ਆਪਣੇ ਵਿੱਚ ਆਇਆ ਜਿੰਨ ਕਹਿ ਕੇ ਲੜਕੀ ਨਾਲ ਬਲਾਤਕਾਰ ਕੀਤਾ। ਫਿਰ ਇਸ ਹੋਰਾਂ ਨੇ ਲੜਕੀ ਨੂੰ ਆਪਣੀ ਹਵਸ਼ ਦਾ ਸ਼ਿਕਾਰ ਬਣਾਇਆ।

ਸਮੂਹਕ ਬਲਾਤਕਾਰ ਤੋਂ ਬਾਅਦ ਦਰਦ ਨਾਲ ਕਰਲਾਉਂਦੀ ਲੜਕੀ ਨੂੰ ਧਨੌਲੇਨੇੜੇ ਇੱਕ ਪਿੰਡ ਲਿਜ-ਾਇਆ ਗਿਆ ਜਿਸ ਤੋਂ ਬਾਅਦ ਧੂਰੀ ਨੇੜਲੇ ਇੱਕ ਪਿੰਡ ਵਿਖੇ ਲਿਜਾ ਕੇ ਲੜਕੀ ਦਾ ਇਲਾਜ ਕਰਵਾਇਆ ਗਿਆ। ਫਿਰ ਉਸ ਨੂੰ ਨਸ਼ੇ ਦਾ ਆਦੀ ਬਣਾ ਕੇ 9 ਮਹੀਨੇ ਉਸ ਨਾਲ ਬੇਰਹਿਮੀ ਕੀਤੀ ਜਾਂਦੀ ਰਹੀ। ਪਤਾ ਲੱਗ ਹੈ ਕਿ ਇਸ ਕੇਸ ਉੱਤੇ ਪਰਦਾ ਪਾਉਣ ਲਈ ਦੋਸ਼ੀਆਂ ਨੇ ਬਠਿੰਡਾ ਦੇ ਰਹਿਣ ਵਾਲੇ ਇੱਕ ਨਾਬਾਲਗ ਲੜਕੇ ਨਾਲ ਉਸ ਦਾ ਜ਼ਬਰਦਸਤੀ ਵਿਆਹ ਕਰ ਦਿੱਤਾ।

ਸਥਾਨਕ ਪੱਤੀ ਰੋਡ ਉੱਤੇ ਇੱਕ ਚਾਹ ਦੀ ਰੇਹੜੀ ਲਾ ਕੇ ਪਰਵਾਰ ਦਾ ਪਾਲਣ ਵਾਲੀ ਵਿਧਵਾ ਔਰਤ ਦੀ 22 ਸਾਲਾ ਪੜ੍ਹੀ ਲਿਖੀ ਲੜਕੀ ਨੂੰ ਕਿਰਾਏ ਉੱਤੇ ਰਹਿ ਚੁੱਕੀ ਇੱਕ ਔਰਤ ਵਰਗ਼ਲਾ ਕੇ ਲੈ ਗਈ, ਜਿਸ ਦੀ ਸੂਚਨਾ ਪਰਵਾਰ ਨੇ ਪੁਲਸ ਨੂੰ ਦੇ ਦਿੱਤੀ, ਪਰ ਇਸ ਫ਼ਰਿਆਦ ਨੂੰ ਪੁਲਸ ਥਾਣਾ ਸਿਟੀ-1 ਬਰਨਾਲਾ ਨੇ ਅਣਸੁਣਿਆਂ ਕਰ ਦਿੱਤਾ। ਆਖ਼ਰ 17 ਦਿਨਾਂ ਬਾਅਦ ਖ਼ਾਨਾਪੂਰਤੀ ਲਈ ਕੇਸ ਦਰਜ ਕਰ ਦਿੱਤਾ ਗਿਆ ਤਾਂਦੋਸ਼ੀਆਂ ਨੂੰ ਬਚਾਉਣ ਲਈ ਪੁਲਸ ਨੇ ਲੜਕੀ ਦਾ ਬਿਆਨ ਅਦਾਲਤ ਵਿੱਚ ਦਰਜ ਕਰਵਾ ਦਿੱਤਾ ਕਿ ਉਹ ਮਰਜ਼ੀ ਨਾਲ ਬਠਿੰਡਾ ਦੇ ਲਖਵਿੰਦਰ ਸਿੰਘ ਨਾਲ ਰਹਿਣਾ ਚਾਹੁੰਦੀ ਹੈ। 9 ਮਹੀਨਿਆਂ ਬਾਅਦ ਜਦੋਂ ਪੀੜਤ ਲੜਕੀ ਉਨ੍ਹਾਂ ਦੀ ਚੁਗ਼ਲ ਵਿੱਚੋਂ ਨਿਕਲ ਕੇ ਘਰ ਪਹੁੰਚੀ ਤਾਂ ਸਿਵਲ ਹਸਪਤਾਲ ਬਰਨਾਲਾ ਦਾਖ਼ਲ ਕਰਵਾ ਦਿੱਤਾ ਗਿਆ, ਜਿਸ ਦਾ ਜੱਜ ਬਬਲਜੀਤ ਕੌਰ ਨੇ ਖ਼ੁਦ ਹਸਪਤਾਲ ਪਹੁੰਚ ਕੇ ਬਿਆਨ ਦਰਜ ਕੀਤਾ ਤਾਂ ਪੁਲਸ ਹਰਕਤ ਵਿੱਚ ਆਈ ਅਤੇ ਇੱਕ ਅਕਾਲੀ ਆਗੂ ਨੂੰ ਨਾਮਜ਼ਦ ਕਰਨ ਸਮੇਤ ਜ਼ਿਲ੍ਹਾ ਪੁਲਸ ਮੁਖੀ ਵੱਲੋਂ ਤਿੰਨ ਥਾਣੇਦਾਰਾਂ ਨੂੰ ਵੀ ਸਸਪੈਂਡ ਕਰ ਦਿੱਤਾ ਗਿਆ।

# ਸਰਕਾਰ ਦੀ ਖਾਮੋਸ਼ੀ ਕਿਸਾਨ ਅੰਦੋਲਨ ਵਿਰੁੱਧ ਕਦਮ ਚੁੱਕਣ ਦਾ ਸੰਕੇਤ ਦੇਂਦੀ ਹੈ: ਟਿਕੈਤ



ਬਿਜਨੌਰ, 2 ਮਾਰਚ (ਪੋਸਟ ਬਿਊਰੋ)- ਭਾਰਤੀ ਕਿਸਾਨ ਯੂਨੀਅਨ ਦੇ ਨੇਤਾ ਰਾਕੇਸ਼ ਟਿਕੈਤ ਨੇ ਦੋਸ਼ ਲਾਇਆ ਹੈ ਕਿ ਪਿਛਲੇ ਕੁਝ ਦਿਨਾਂ ਤੋਂ ਕੇਂਦਰ ਸਰਕਾਰ ਦੀ ਖਾਮੋਸ਼ੀ ਇਹ ਇਸ਼ਾਰਾ ਕਰਦੀ ਹੈ ਕਿ ਸਰਕਾਰ ਕਿਸਾਨਾਂ ਦੇ ਅੰਦੋਲਨ ਵਿਰੁੱਧ ਕੋਈ ਰੂਪ-ਰੇਖਾ ਤਿਆਰ ਕਰ ਰਹੀ ਹੈ। ਸਰਕਾਰ ਅਤੇ ਕਿਸਾਨ ਯੂਨੀਅਨਾਂ ਦੀ ਗੱਲਬਾਤ ਦਾ ਦੌਰ ਰੁਕ ਜਾਣ ਉੱਤੇ ਉਨ੍ਹਾਂ ਕਿਹਾ ਕਿ ਮੁੜ ਤੋਂ ਗੱਲਬਾਤ ਕਰਨ ਦਾ ਸੱਦਾ ਸਰਕਾਰ ਨੇ ਹੀ ਦੇਣਾ ਹੈ।

ਉਤਰਾਖੰਡ ਦੇ ਊਧਮ ਸਿੰਘ ਨਗਰ ਵੱਲ ਜਾਂਦੇ ਹੋਏ ਟਿਕੈਤ ਨੇ ਕੱਲ੍ਹ ਬਿਜਨੌਰ ਦੇ ਅਫਜ਼ਲਗੜ੍ਹ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਪਿਛਲੇ 15-20 ਦਿਨ ਤੋਂ ਕੇਂਦਰ ਸਰਕਾਰ ਖਾਮੋਸ਼ ਹੈ। ਇਸ ਤੋਂ ਸੰਕੇਤ ਮਿਲਦਾ ਹੈ ਕਿ ਕੁਝ ਹੋਣ ਵਾਲਾ ਹੈ। ਸਰਕਾਰ ਅੰਦੋਲਨ ਵਿਰੁੱਧ ਕੁਝ ਕਦਮ ਚੁੱਕਣ ਦੀ ਰੂਪ-ਰੇਖਾ ਬਣਾ ਰਹੀ ਹੈ। ਉਨ੍ਹਾਂ ਕਿਹਾ ਕਿ ਹੱਲ ਨਿਕਲਣ ਤੱਕ ਕਿਸਾਨ ਵਾਪਸ ਨਹੀਂ ਜਾਣਗੇ। ਉਹ ਖੇਤੀ ਵੀ ਵੇਖਣਗੇ ਤੇ ਅੰਦੋਲਨ ਵੀ ਕਰਨਗੇ। ਸਰਕਾਰ ਨੂੰ ਜਦੋਂ ਸਮਾਂ ਹੋਵੇ, ਗੱਲਬਾਤ ਕਰ ਲਏ, 24 ਮਾਰਚ ਤੱਕ ਦੇਸ਼ ਵਿੱਚ ਥਾਂ-ਥਾਂ ਮਹਾਪੰਚਾਇਤਾਂ ਦਾ ਪ੍ਰਬੰਧ ਕੀਤਾ ਜਾਵੇਗਾ।

ਗਣਤੰਤਰ ਦਿਵਸ ਉੱਤੇ ਕਿਸਾਨਾਂ ਦੇ ਪ੍ਰਦਰਸ਼ਨ ਦੌਰਾਨ ਲਾਲ ਕਿਲ੍ਹਾ ਕੰਪਲੈਕਸ ਵਿਖੇ ਵਾਪਰੀਆਂ ਘਟਨਾਵਾਂ ਬਾਰੇ ਪੁੱਛੇ ਜਾਣ ਉੱਤੇ ਉਨ੍ਹਾਂ ਦੋਸ਼ ਲਾਇਆ ਕਿ ਸਾਰਾ ਝਮੇਲਾ ਸਰਕਾਰ ਨੇ ਖੜ੍ਹਾ ਕੀਤਾ ਸੀ। ਤਿੰਨ ਖੇਤੀਬਾੜੀ ਕਾਨੂੰਨਾਂ ਨੂੰ ਲੈ ਕੇ ਕਿਸਾਨਾਂ ਵੱਲੋਂ ਥਾਂ-ਥਾਂ ਆਪਣੀਆਂ ਖੜ੍ਹੀਆਂ ਫਸਲਾਂ ਨੂੰ ਨਸ਼ਟ ਕਰਨ ਬਾਰੇ ਟਿਕੈਤ ਨੇ ਕਿਹਾ ਕਿ ਭਾਰਤੀ ਕਿਸਾਨ ਯੂਨੀਅਨ ਤਾਂ ਕਿਸਾਨਾਂ ਨੂੰ ਅਜਿਹਾ ਕਦਮ ਚੁੱਕਣ ਤੋਂ ਰੋਕਣ ਲਈ ਅਪੀਲਾਂ ਕਰਦੀ ਰਹੀ ਹੈ। ਟਿਕੈਤ ਨੇ ਉਤਰ ਪ੍ਰਦੇਸ਼ ਵਿੱਚ ਜ਼ਿਲ੍ਹਾ ਪੱਧਰ ਉੱਤੇ ਕਿਸਾਨ ਅੰਦੋਲਨ ਨੂੰ ਵਧਾਉਣ ਦੇ ਸੰਕੇਤ ਨਾਲ ਕਿਹਾ ਕਿ ਕਣਕ ਦੀ ਤਿਆਰ ਫਸਲ ਮੰਡੀ ਵਿੱਚ ਆਉਣੀ ਹੈ। ਜੇ ਕਿਸਾਨ ਦੀ ਕਣਕ ਐਮ ਐਸ ਪੀ ਉੱਤੇ ਨਹੀਂ ਖਰੀਦੀ ਜਾਂਦੀ ਤਾਂ ਸਰਕਾਰ ਜ਼ਿੰਮੇਵਾਰ ਹੋਵੇਗੀ। ਇਸ ਲਈ ਕਿਸਾਨ ਜ਼ਿਲ੍ਹਾ ਅਧਿਕਾਰੀਆਂ ਦੇ ਦਫ਼ਤਰਾਂ ਸਾਹਮਣੇ ਧਰਨੇ ਦੇਣਗੇ।

# ਕਿਸਾਨ ਆਗੂਆਂ ਨੇ ਕਿਹਾ; ਅਸੀਂ ਕੋਰੋਨਾ ਤੋਂ ਨਹੀਂ ਡਰਦੇ, ਟੀਕਾ ਨਹੀਂ ਲਵਾਵਾਂਗੇ



ਨਵੀਂ ਦਿੱਲੀ, 2 ਮਾਰਚ (ਪੋਸਟ ਬਿਊਰੋ)- ਖੇਤੀ ਕਾਨੂੰਨਾਂ ਦੇ ਖ਼ਿਲਾਫ਼ ਪ੍ਰਦਰਸ਼ਨ ਕਰਨ ਵਾਲੇ ਵਡੇਰੀ ਉਮਰ ਵਰਗ ਦੇ ਕਿਸਾਨ ਆਗੂਆਂ ਨੇ ਕਿਹਾ ਕਿ ਉਹ ਕੋਰੋਨਾ ਵਾਇਰਸ ਤੋਂ ਨਹੀਂ ਡਰਦੇ, ਟੀਕਾ ਨਹੀਂ ਲਵਾਉਣਗੇ। ਉਨ੍ਹਾਂ ਇਹ ਵੀ ਕਿਹਾ ਕਿ ਉਹ ਦਿੱਲੀ ਬਾਰਡਰਾਂ ਉੱਤੇ ਡਟੇ ਕਿਸਾਨਾਂ ਨੂੰ ਟੀਕਾ ਲਵਾਉਣ ਤੋਂ ਨਹੀਂ ਰੋਕਣਗੇ ਕਿਉਂਕਿ ਇਹ ਉਨ੍ਹਾਂ ਦੀ ਆਪਣੀ ਮਰਜ਼ੀ ਹੈ, ਟੀਕਾ ਲਵਾ ਵੀ ਸਕਦੇ ਹਨ ਅਤੇ ਇਨਕਾਰ ਵੀ ਕਰ ਸਕਦੇ ਹਨ।

ਇਸ ਅੰਦੋਲਨ ਦੀ ਅਗਵਾਈ ਕਰਦੇ ਸੰਯੁਕਤ ਕਿਸਾਨ ਮੋਰਚੇ ਦੇ 80 ਸਾਲਾ ਸੀਨੀਅਰ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਉਹ ਟੀਕਾ ਲਵਾਉਣ ਲਈ ਟੀਕਾਕਰਨ ਕੇਂਦਰ ਨਹੀਂ ਜਾਣਗੇ। ਰਾਜੇਵਾਲ ਨੇ ਕਿਹਾ ਕਿ ਮੈਨੂੰ ਟੀਕੇ ਦੀ ਲੋੜ ਨਹੀਂ, ਅਸੀਂ ਕੋਰੋਨਾ ਮਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਇਮਿਊਨਟੀ ਮਜ਼ਬੂਤ ਹੈ, ਕਿਉਂਕਿ ਉਹ ਆਪਣੇ ਖੇਤਾਂ ਵਿੱਚ ਸਖ਼ਤ ਮਿਹਨਤ ਕਰਦੇ ਹਨ। ਰਾਜੇਵਾਲ ਨੇ ਕਿਹਾ ਕਿ ਕਿਸਾਨ ਕੋਰੋਨਾ ਵਾਇਰਸ ਤੋਂ ਨਹੀਂ ਡਰਦੇ।

ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੇ ਪ੍ਰਧਾਨ 75 ਸਾਲਾ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਬਿਮਾਰੀ ਦਾ ਡਰ ਸਾਨੂੰ ਆਪਣੀ ਲੜਾਈ ਤੋਂ ਭਟਕਾਉਣ ਲਈ ਕਾਫ਼ੀ ਨਹੀਂ, ਕਿਸਾਨਾਂ ਲਈ ਕੋਈ ਕੋਰੋਨਾ ਨਹੀਂ ਹੈ। ਉਨ੍ਹਾਂ ਕਿਹਾ ਕਿ ਮੈਂ ਟੀਕਾ ਨਹੀਂ ਲਵਾਵਾਂਗਾ, ਪਰ ਅਸੀਂ ਕਿਸੇ ਨੂੰ ਟੀਕਾ ਨਾ ਲਵਾਉਣ ਬਾਰੇ ਵੀ ਨਹੀਂ ਕਹਾਂਗੇ। ਸੰਯੁਕਤ ਕਿਸਾਨ ਮੋਰਚੇ ਦੇ ਮੈਂਬਰ 70 ਸਾਲਾ ਕੁਲਵੰਤ ਸਿੰਘ ਸੰਧੂ ਨੇ ਕਿਹਾ ਕਿ ਉਹ ਕੋਰੋਨਾ ਵੈਕਸੀਨ ਨਹੀਂ ਲਵਾਉਣਗੇ। ਸੰਧੂ ਨੇ ਕਿਹਾ ਕਿ ਹਜ਼ਾਰਾਂ ਕਿਸਾਨ ਦਿੱਲੀ ਬਾਰਡਰਾਂ ਉੱਤੇ ਧਰਨੇ ਉੱਤੇ ਬੈਠੇ ਹਨ, ਪਰ ਕੋਰੋਨਾ ਵਾਇਰਸ ਦਾ ਇੱਕ ਕੇਸ ਵੀ ਨਹੀਂ ਲੱਭਿਆ। ਰਾਕੇਸ਼ ਟਿਕੈਤ ਦੇ ਮੀਡੀਆ ਇੰਚਾਰਜ ਧਰਮੇਂਦਰ ਮਲਿਕ ਨੇ ਕਿਹਾ ਕਿ ਜੇ ਸਥਾਨਕ ਪ੍ਰਸ਼ਾਸਨ ਧਰਨੇ ਉੱਤੇ ਬੈਠੇ ਕਿਸਾਨਾਂ ਲਈ ਪ੍ਰਬੰਧ ਕਰਦਾ ਹੈ ਤਾਂ ਟਿਕੈਤ ਨੂੰ ਟੀਕਾ ਲਗਾਏ ਜਾਣ ਵਿੱਚ ਕੋਈ ਸਮੱਸਿਆ ਨਹੀਂ ਹੋਵੇਗੀ।

# ਡੁੱਬਣ ਨਾਲ ਮਰੇ ਦੋ ਮਾਸੂਮਾਂ ਦਾ ਇੱਕੋ ਚਿਤਾ ਉੱਤੇ ਅੰਤਿਮ ਸੰਸਕਾਰ



ਜੀਂਦ, 2 ਮਾਰਚ (ਪੋਸਟ ਬਿਊਰੋ)- ਗੰਗੋਲੀ ਪਿੰਡ ਵਿੱਚ ਬੀਤੇ ਦਿਨ ਘਰ ਵਿੱਚ ਰੱਖੀ ਪਾਣੀ ਦੀ ਟੂੱਟੀ ਹੋਈ ਟੈਂਕੀ ਵਿੱਚ ਡੁੱਬਣ ਕਾਰਨ ਚਾਰ ਸਾਲ ਦੇ ਨਕਸ਼ ਤੇ ਇੱਕ ਸਾਲ ਦੇ ਦਕਸ਼ ਦੀ ਮੌਤ ਹੋ ਗਈ। ਟੈਂਕੀ ਵਿੱਚ ਸਿਰਫ ਇੱਕ ਤੋਂ ਡੇਢ ਫੁੱਟ ਪਾਣੀ ਸੀ। ਦੋਵੇਂ ਬੱਚੇ ਸਕੇ ਭਰਾ ਸਨ। ਘਟਨਾ ਦੇ ਸਮੇਂ ਬੱਚਿਆਂ ਦਾ ਪਿਤਾ 32 ਸਾਲਾ ਪ੍ਰਵੀਨ, ਦਾਦਾ ਬਲਵਾਨ ਨੰਬਰਦਾਰ ਖੇਤਾਂ ਵਿੱਚ ਤੂੜੀ ਲੈਣ ਗਏ ਸਨ, ਜਦ ਕਿ ਮਾਂ ਮੰਜੂ ਚੌਬਾਰੇ 'ਤੇ ਰਸੋਈ ਵਿੱਚ ਸੀ। ਖੇਤ ਤੋਂ ਮੁੜੇ ਪਿਤਾ ਨੇ ਬੱਚਿਆਂ ਨੂੰ ਡੁੱਬਿਆ ਹੋਇਆਂ ਦੇਖਿਆ, ਤਦ ਹਾਦਸੇ ਦਾ ਪਤਾ ਲੱਗਾ। ਪਰਵਾਰ ਵਾਲੇ ਕਾਹਲੀ-ਕਾਹਲੀ ਵਿੱਚ ਬੱਚਿਆਂ ਨੂੰ ਪਿੱਲੂਖੇੜਾ ਦੇ ਨਿੱਜੀ ਹਸਪਤਾਲ ਲੈ ਕੇ ਪੁਜਾ, ਪਰ ਉਨ੍ਹਾਂ ਨੇ ਜਵਾਬ ਦੇ ਦਿੱਤਾ। ਇਸ ਦੇ ਬਾਅਦ ਜੀਂਦ ਦੇ ਨਿੱਜੀ ਹਸਪਤਾਲ ਲੈ ਗਏ, ਉਥੇ ਡਾਕਟਰਾਂ ਨੇ ਬੱਚਿਆਂ ਨੂੰ ਮ੍ਰਿਤਕ ਐਲਾਨ ਦਿੱਤਾ।

ਪਤਾ ਲੱਗਾ ਹੈ ਕਿ ਬੀਤੀ ਪਰਵਾਰ ਨੇ 22 ਫਰਵਰੀ ਨੂੰ ਹੀ ਦਕਸ਼ ਦਾ ਜਨਮ ਦਿਨ ਮਨਾਇਆ ਸੀ, ਜਦ ਕਿ 26 ਜਨਵਰੀ ਨੂੰ ਵੱਡੇ ਬੇਟੇ ਦਾ ਜਨਮ ਦਿਨ ਮਨਾਇਆ ਸੀ। ਤਿੰਨ ਦਿਨ ਪਹਿਲਾਂ ਦਾਦਾ ਛੋਟੇ ਪੋਤੇ ਦੀ ਜਨਮ ਪਤਰੀ ਬਣਵਾ ਕੇ ਲਿਆਏ ਸਨ। ਵੱਡੇ ਬੇਟੇ ਨਕਸ਼ ਨੂੰ ਜਲਦੀ ਸਕੂਲ ਭੇਜਣ ਦੀ ਤਿਆਰੀ ਸੀ।ਤੂੜੀ ਲੈਣ ਜਾਣ ਤੋਂ ਪਹਿਲਾਂ ਘਰਦਿਆਂ ਨੇ ਗਲੀ ਦੇ ਗੇਟ ਨੂੰ ਸੁਰੱਖਿਆ ਕਾਰਨਾਂ ਕਰ ਕੇ ਬੰਦ ਕਰ ਦਿੱਤਾ ਸੀ, ਤਾਂ ਕਿ ਬੱਚੇ ਬਾਹਰ ਨਾ ਆ ਜਾਣ, ਪਰ ਵਿਹੜੇ ਵਿੱਚ ਪਸ਼ੂਆਂ ਲਈ ਰੱਖੀ ਪਾਣੀ ਦੀ ਟੈਂਕੀ ਮੌਤ ਦਾ ਕਾਰਨ ਬਣ ਗਈ। ਟੈਂਕੀ ਵਿੱਚ ਸਿਰਫ ਇੱਕ ਤੋਂ ਡੇਢ ਫੁੱਟ ਪਾਣੀ ਸੀ।

# ਤੇਜੱਸਵੀ ਯਾਦਵ ਚੋਣ ਗਠਜੋੜ ਦੇ ਕਿਆਫਿਆਂ ਦੌਰਾਨ ਮਮਤਾ ਨੂੰ ਮਿਲੇ

ਕੋਲਕਾਤਾ, 2 ਮਾਰਚ (ਪੋਸਟ ਬਿਊਰੋ)- ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਵਿੱਚ ਗਠਜੋੜ ਦੀਆਂ ਅਟਕਲਾਂ ਦੇ ਵਿਚਾਲੇ ਰਾਸ਼ਟਰੀ ਜਨਤਾ ਦਲ ਦੇ ਨੇਤਾ ਤੇਜਸਵੀ ਯਾਦਵ ਨੇ ਕੱਲ੍ਹ ਤ੍ਰਿਣਮੂਲ ਕਾਂਗਰਸ ਦੀ ਮੁਖੀ ਤੇ ਮੁੱਖ ਮੰਤਰੀ ਮਮਤਾ ਬੈਨਰਜੀ ਨਾਲ ਮੁਲਾਕਾਤ ਕੀਤੀ। ਇਸ ਬੈਠਕ ਦੌਰਾਨ ਤ੍ਰਿਣਮੂਲ ਦੇ ਸੀਨੀਅਰ ਨੇਤਾ ਅਤੇ ਸ਼ਹਿਰੀ ਵਿਕਾਸ ਮੰਤਰੀ ਫਿਰਹਦ ਹਕੀਮ ਵੀ ਮੌਜੂਦ ਰਹੇ ਅਤੇ ਚੋਣਾਂ ਬਾਰੇ ਵਿਚਾਰ ਕੀਤੀ ਗਈ। ਇਸ ਦੌਰਾਨ ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਵਿੱਚ ਸੈਕੂਲਰ ਪਾਰਟੀਆਂ ਵਿਚਾਲੇ ਏਕਤਾ ਕਾਇਮ ਕਰਨ ਦਾ ਯਤਨ ਕਰਦੇ ਹੋਏ ਰਾਸ਼ਟਰੀ ਜਨਤਾ ਦਲ ਦੇ ਨੇਤਾ ਤੇਜੱਸਵੀ ਨੇ ਮਮਤਾ ਬੈਨਰਜੀ ਨਾਲ ਮੁਲਾਕਾਤ ਕੀਤੀ ਅਤੇ ਬੰਗਾਲ ਵਿੱਚ ਰਹਿੰਦੇ ਬਿਹਾਰ ਮੂਲ ਦੇ ਲੋਕਾਂ ਨੂੰ ਸੱਤਾਧਾਰੀ ਤ੍ਰਿਣਮੂਲ ਕਾਂਗਰਸ ਦੇ ਪੱਖ ਵਿੱਚ ਵੋਟ ਪਾਉਣ ਲਈ ਅਪੀਲ ਕੀਤੀ। ਉਨ੍ਹਾ ਕਿਹਾ ਕਿ ਉਨ੍ਹਾਂ ਦੀ ਪਾਰਟੀ ਦੀ ਪਹਿਲ ਪੱਛਮੀ ਬੰਗਾਲ ਵਿੱਚ ਭਾਜਪਾ ਨੂੰ ਅੱਗੇ ਵੱਧਣ ਤੋਂ ਰੋਕਣਾ ਹੈ।

# ਸੁਪਰੀਮ ਕੋਰਟ ਨੇ ਪੁੱਛਿਆ; ਕੀ ਲਿਵ ਇਨ ਵਿੱਚ ਬਣੇ ਸਬੰਧਾਂ ਨੂੰ ਬਲਾਤਕਾਰ ਮੰਨੀਏ?



ਨਵੀਂ ਦਿੱਲੀ, 2 ਮਾਰਚ (ਪੋਸਟ ਬਿਊਰੋ)- ਲਿਵ ਇਨ ਰਿਲੇਸ਼ਨਸ਼ਿਪ ਵਿੱਚ ਰਹਿੰਦੇ ਜੋੜੇ ਦੇ ਸਹਿਮਤੀ ਨਾਲ ਬਣੇ ਸੰਬੰਧਾਂ ਨੂੰ ਕੀ ਬਲਾਤਕਾਰ ਮੰ-ਨਆ ਜਾਏ, ਇਹ ਸਵਾਲ ਕੱਲ੍ਹ ਭਾਰਤ ਦੀ ਸੁਪਰੀਮ ਕੋਰਟ ਨੇ ਉਠਾਇਆ। ਸੁਪਰੀਮ ਕੋਰਟ ਨੇ ਬਲਾਤਕਾਰ ਦੋਸ਼ੀ ਦੀ ਅਰਜ਼ੀ ਉਤੇ ਸੁਣਵਾਈ ਕਰਦੇ ਹੋਏ ਕਿਹਾ ਕਿ ਇੱਕ ਜੋੜਾ ਜੇ ਪਤੀ-ਪਤਨੀ ਵਾਂਗ ਰਹਿ ਰਿਹਾ ਹੈ ਤਾਂ ਮਰਦ ਭਾਵੇਂ ਬੇਰਹਿਮ ਹੋਵੇ, ਪਰ ਕੀ ਦੋਵਾਂ ਦੇ ਸੰਬੰਧਾਂ ਨੂੰ ਬਲਾਤਕਾਰ ਕਿਹਾ ਜਾ ਸਕਦਾ ਹੈ।

ਚੀਫ ਜਸਟਿਸ ਐਸ ਏ ਬੋਬੜੇ, ਜਸਟਿਸ ਐਸ ਏ ਬੋਪੰਨਾ ਅਤੇ ਜਸਟਿਸ ਵੀ ਰਾਮਾਸੁਬਰਮਨੀਅਮ ਦੀ ਬੈਂਚ ਇਲਾਹਾਬਾਦ ਹਾਈ ਕੋਰਟ ਵੱਲੋਂ ਬਲਾਤਕਾਰ ਦੀ ਸ਼ਿਕਾਇਤ ਰੱਦ ਨਾ ਕੀਤੇ ਜਾਣ ਦੇ ਫੈਸਲੇ ਖਿਲਾਫ ਦਾਇਰ ਅਰਜ਼ੀ 'ਤੇ ਸੁਣਵਾਈ ਕਰ ਰਹੀ ਸੀ। ਇਹ ਮਾਮਲਾ ਉੱਤਰ ਪ੍ਰਦੇਸ਼ ਦੇ ਗੌਤਮ ਬੁੱਧ ਨਗਰ (ਨੋਇਡਾ) ਦਾ ਹੈ।ਵੀਡੀਓ ਕਾਨਫਰੰਸਿੰਗ ਰਾਹੀਂ ਹੋ ਰਹੀ ਸੁਣਵਾਈ ਦੌਰਾਨ ਸ਼ਿਕਾਇਤਕਰਤਾ ਮਹਿਲਾ ਦੇ ਵਕੀਲ ਨੇ ਕਿਹਾ ਕਿ ਸਰੀਰਕ ਸੰਬੰਧ ਬਣਾਉਣ ਦੇ ਲਈ ਧੋਖਾ ਦੇ ਕੇ ਉਨ੍ਹਾਂ ਦੀ ਕਲਾਈਂਟ ਤੋਂ ਸਹਿਮਤੀ ਲਈ ਗਈ ਸੀ, ਜੋ ਸੁਭਾਵਿਕ ਸਹਿਮਤੀ ਨਹੀਂ ਸੀ। ਵਕੀਲ ਨੇ ਕਿਹਾ ਕਿ ਦੋਸ਼ੀ ਨੌਜਵਾਨ ਇਸ ਔਰਤ ਨੂੰ ਮਨਾਲੀ ਵਿੱਚ ਇੱਕ ਮੰਦਰ ਵਿੱਚ ਲੈ ਗਿਆ ਅਤੇ ਵਿਆਹ ਦੀ ਰਸਮ ਪੂਰੀ ਕੀਤੀ। ਇਸ 'ਤੇ ਬੈਂਚ ਨੇ ਕਿਹਾ ਕਿ ਵਿਆਹ ਦਾ ਝੂਠਾ ਵਾਅਦਾ ਕਰਨਾ ਗਲਤ ਹੈ। ਕਿਸੇ ਨੂੰ ਵੀ ਵਾਅਦਾ ਕਰ ਕੇ ਤੋੜਨਾ ਨਹੀਂ ਚਾਹੀਦਾ। ਦੋਸ਼ੀ ਦੀ ਵਕੀਲ ਵਿਭਾ ਦੱਤਾ ਮਖੀਜਾ ਨੇ ਕਿਹਾ ਕਿ ਇਹ ਜੋੜਾ ਦੋ ਸਾਲ ਤੱਕ ਲਿਵ ਇਨ ਰਿਲੇਸ਼ਨਸ਼ਿਪ ਵਿੱਚ ਰਿਹਾ ਹੈ,ਅੱਜ ਉਹ ਔਰਤ ਵਿਆਹ ਦਾ ਵਾਅਦਾ ਕਰ ਕੇ ਬਲਾਤਕਾਰ ਕਰਨ ਦਾ ਦੋਸ਼ ਲਾ ਰਹੀ ਹੈ। ਇਸ 'ਤੇ ਕੋਰਟ ਨੇ ਆਪਣੇ ਹੁਕਮ ਵਿੱਚ ਕਿਹਾ ਕਿ ਦੋਸ਼ੀ ਦੀ ਗ੍ਰਿਫਤਾਰੀ 'ਤੇ ਅੱਠ ਹਫਤੇ ਦੀ ਰੋਕ ਰਹੇਗੀ।

ਬਲਾਤਕਾਰ ਦੇ ਇੱਕ ਹੋਰ ਕੇਸ ਵਿੱਚ ਸੁਪਰੀਮ ਕੋਰਟ ਨੇ ਦੋਸ਼ੀ ਤੋਂ ਪੁੱਛਿਆ ਕਿ ਕੀ ਉਹ ਪੀੜਤਾ ਨਾਲ ਵਿਆਹ ਕਰਨਾ ਚਾਹੁੰਦਾ ਹੈ। ਜਦ ਕੋਰਟ ਨੂੰ ਦੱਸਿਆ ਕਿ ਉਹ ਸ਼ਾਦੀਸ਼ੁਦਾ ਹੈ ਤਾਂ ਅਦਾਲਤ ਨੇ ਸਬੰਧਤ ਅਦਾਲਤ ਵਿੱਚ ਨਿਯਮਤ ਜ਼ਮਾਨਤ ਅਰਜ਼ੀ ਦਾਖਲ ਕਰਨ ਦਾ ਹੁਕਮ ਦਿੱਤਾ। ਉਸ ਨੂੰ ਚਾਰ ਹਫਤੇ ਦੇ ਲਈ ਗ੍ਰਿਫਤਾਰੀ ਤੋਂ ਸੁਰੱਖਿਆ ਵੀ ਦਿੱਤੀ।

# ਹਾਈ ਕੋਰਟ ਦਾ ਵੱਡਾ ਫੈਸਲਾ; ਮਾਂ ਅਣਮੋਲ ਹੈ, ਉਸ ਦਾ ਪਿਆਰ ਅਸਲੀ ਖਜ਼ਾਨਾ

ਚੰਡੀਗੜ੍ਹ, 2 ਮਾਰਚ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਮਾਂ ਬਾਰੇ ਬਹੁਤ ਹੀ ਭਾਵਨਾਤਮਕ ਫੈਸਲਾ ਸੁਣਾਇਆ ਅਤੇ ਕਿਹਾ ਕਿ ਮਾਂ ਇੱਕ ਅਣਮੋਲ ਗਿਫਟ ਹੈ। ਵਧਦੀ ਉਮਰ ਦੀ ਬੱਚੀ ਲਈ ਮਾਂ ਦਾ ਸਾਥ ਬਹੁਤ ਜ਼ਰੂਰੀ ਹੈ ਤੇ ਜਦੋਂ ਤੱਕ ਵਾਜਬ ਕਾਰਨ ਨਾ ਹੋਵੇ, ਉਸ ਨੂੰ ਮਾਂ ਦੇ ਪਿਆਰ ਤੋਂ ਵਾਂਝੇ ਨਹੀਂ ਕੀਤਾ ਜਾਣਾ ਚਾਹੀਦਾ।

ਗੁਰੂਗ੍ਰਾਮ ਦੇ ਇੱਕ ਜੋੜੇ ਵਿਚਾਲੇ ਬੇਟੀ ਦੀ ਸੰਭਾਲ ਲਈ ਪਿਤਾ ਵੱਲੋਂ ਪਰਵਾਰਕ ਕੋਰਟ ਦੇ ਫੈਸਲੇ ਖਿਲਾਫ ਅਪੀਲ ਕੀਤੀ ਗਈ ਸੀ। ਜਸਟਿਸ ਏ ਜੀ ਮਸੀਹ ਅਤੇ ਜਸਟਿਸ ਅਸ਼ੋਕ ਕੁਮਾਰ ਵਰਮਾ ਦੇ ਬੈਂਚ ਨੇ ਆਪਣੇ ਫੈਸਲੇ ਵਿੱਚ ਕਿਹਾ ਕਿ ਕਈ ਵਾਰੀ ਪਤੀ-ਪਤਨੀ ਵਿੱਚ ਹੰਕਾਰ ਤੇ ਗਲਤਫਹਿਮੀ ਕਾਰਨ ਝਗੜਾ ਏਨਾ ਵਧ ਜਾਂਦਾ ਹੈ ਕਿ ਸਭ ਕੁਝ ਖਤਮ ਹੋ ਜਾਂਦਾ ਹੈ। ਇਸ ਵਿੱਚ ਬੱਚੇ ਦੀ ਕੋਈ ਭੂਮਿਕਾ ਨਹੀਂ ਹੁੰਦੀ, ਪਰ ਖਮਿਆਜ਼ਾ ਉਸ ਨੂੰ ਭੁਗਤਣਾ ਪੈਂਦਾ ਹੈ। ਇਸ ਦਾ ਗਲਤ ਅਸਰ ਉਸ ਦੇ ਦਿਲ ਤੇ ਸਰੀਰ ਦੋਵਾਂ 'ਤੇ ਪੈਂਦਾ ਹੈ। 13 ਸਾਲਾਂ ਦੀ ਵਧਦੀ ਉਮਰ ਦੀ ਬੱਚੀ ਲਈ ਮਾਂ ਦਾ ਭਾਵਨਾਤਮਕ ਸਹਾਰਾ ਜ਼ਰੂਰੀ ਹੈ। ਇਸ ਕੇਸ ਵਿੱਚ ਜੋੜੇ ਦਾ ਵਿਆਹ 2006 ਵਿੱਚ ਹੋਇਆ ਸੀ। 2008 ਵਿੱਚ ਉਨ੍ਹਾਂ ਦੇਘਰ ਬੇਟੀ ਦਾ ਜਨਮ ਹੋਇਆ। ਕੁਝ ਸਮੇਂ ਬਾਅਦ ਜੋੜੇ ਦੀ ਅਣਬਣ ਹੋ ਗਈ ਅਤੇ ਦੋਵੇਂ ਵੱਖ-ਵੱਖ ਰਹਿਣ ਲੱਗੇ। ਬੱਚੀ ਪਿਤਾ ਦੇ ਕੋਲ ਰਹੀ। ਬਾਅਦ ਵਿੱਚ ਮਾਂ ਆਪਣੀ ਬੇਟੀ ਦੀ ਸੰਭਾਲ ਦੀ ਮੰਗ ਲਈ ਗੁਰੂਗ੍ਰਾਮ ਦੀ ਪਰਵਾਰਕ ਅਦਾਲਤ ਵਿੱਚ ਪੁੱਜੀ। ਓਥੇ ਅਦਾਲਤ ਨੇ 30 ਮਈ 2017 ਨੂੰ ਬੱਚੀ ਦੀ ਸੰਭਾਲ ਮਾਂ ਨੂੰ ਦੇਣ ਦਾ ਹੁਕਮ ਦਿੱਤਾ। ਪਿਤਾ ਨੇ ਇਸ ਖਿਲਾਫ ਹਾਈ ਕੋਰਟ ਵਿੱਚ ਅਪੀਲ ਕੀਤੀ। ਉਨ੍ਹਾਂ ਦੀ ਦਲੀਲ ਸੀ ਕਿ ਮਾਂ ਕੋਲ ਰਹਿਣ ਨਾਲ ਬੱਚੀ ਦਾ ਸਹੀ ਵਿਕਾਸ ਨਹੀਂ ਹੋ ਸਕੇਗਾ ਅਤੇ ਮਾਂ ਦਾ ਕਹਿਣਾ ਸੀ ਕਿ ਉਹ ਪੜ੍ਹੀ ਲਿਖੀ ਹੈ, ਬੇਟੀ ਨੂੰ ਬਿਹਤਰ ਸਿੱਖਿਆ ਤੇ ਸੁਰੱਖਿਅਤ ਘਰ ਦੇਣ ਦੇ ਸਮਰੱਥ ਹੈ। ਹਾਈ ਕੋਰਟ ਨੇ ਮਾਂ ਦੇ ਕਥਨ ਨਾਲ ਸਹਿਮਤੀ ਪ੍ਰਗਟਾਈ। ਕੋਰਟ ਨੇ ਕਿਹਾ ਕਿ ਪਿਤਾ ਬੱਚਿਆਂ ਦੇ ਲਈ ਸਾਰੀਆਂ ਕੋਸ਼ਿਸ਼ਾਂ ਕਰਦਾ ਹੈ, ਇਸ ਵਿੱਚ ਕੋਈ ਸ਼ੱਕ ਨਹੀਂ, ਪਰ ਇਸ ਕੇਸ ਵਿਚ ਬੱਚੀ ਦੇ ਪਿਤਾ ਦੇ ਪਿਛੋਕੜ ਦੀ ਜਾਂਚ ਉੱਤੇ ਪਤਾ ਲੱਗਦਾ ਹੈ ਕਿ ਉਹ ਘੱਟ ਬੋਲਣ ਵਾਲਾ ਤੇ ਏਕਾਂਤਪ੍ਰਿਯ ਵਿਅਕਤੀ ਹੈ। ਇੱਕੋ ਘਰ ਵਿੱਚ ਰਹਿਣ ਦੇ ਬਾਅਦ ਵੀ ਬੱਚੀ ਗਰਾਊਂਡ ਫਲੋਰ 'ਤੇ ਰਹਿੰਦੇ ਦਾਦਾ-ਦਾਦੀ ਨਾਲ ਵੀ ਗੱਲ ਨਹੀਂ ਕਰ ਸਕਦੀ। ਜਦ ਪਿਤਾ ਕੰਮ ਦੇ ਸਿਲਸਿਲੇ ਵਿੱਚ ਬਾਹਰ ਹੁੰਦਾ ਹੈ ਤਾਂ ਬੱਚੀ ਪਹਿਲੀ ਮੰਜ਼ਿਲ 'ਤੇ ਇਕੱਲੀ ਰਹਿੰਦੀ ਹੈ। ਹਾਈ ਕੋਰਟ ਨੂੰ ਇਹ ਵੀ ਪਤਾ ਲੱਗਾ ਕਿ ਬੇਟੀ ਆਪਣੀ ਮਾਂ ਨਾਲ ਰਹਿਣਾ ਚਾਹੁੰਦੀ ਹੈ। ਇਸ ਲਈ ਬੱਚੀ ਦੇ ਪਿਤਾ ਦੀ ਅਪੀਲ ਰੱਦ ਕਰ ਦਿੱਤੀ ਹੈ।

# ਮੈਂ ਅਮਰੀਕਾ ਵਿੱਚ ਕੋਈ ਨਵੀਂ ਪਾਰਟੀ ਨਹੀਂ ਬਣਾ ਰਿਹਾ: ਟਰੰਪ



ਸਿਆਟਲ, 2 ਮਾਰਚ (ਪੋਸਟ ਬਿਊਰੋ)- ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣਾ ਅਹੁਦਾ ਛੱਡਣ ਤੋਂ ਬਾਅਦ ਕੱਲ੍ਹ ਪਹਿਲੀ ਵਾਰ ਆਪਣੀ ਜਨਤਕ ਹਾਜ਼ਰੀ ਵਿੱਚ ਬੋਲਦੇ ਹੋਏ ਕਿਹਾ ਕਿ ਮੈਂ ਕੋਈ ਨਵੀਂ ਪਾਰਟੀ ਨਹੀਂ ਬਣਾ ਰਿਹਾ ਅਤੇ ਮੈਂ ਲਗਾਤਾਰ ਰਿਪਬਲਿਕਨ ਹਾਂ ਅਤੇ ਰਹਾਂਗਾ।

ਫਲੋਰੀਡਾ ਦੇ ਓਰਲੈਂਡੋ ਵਿੱਚ 2021 ਕੰਜ਼ਰਵੇਟਿਵ ਰਾਜਨੀਤਕ ਐਕਸ਼ਨ ਕਾਨਫ਼ਰੰਸ (ਸੀ ਪੀ ਏ ਸੀ) ਨੂੰ ਸੰਬੋਧਨ ਕਰਦਿਆਂ ਟਰੰਪ ਨੇ ਕਿਹਾ ਕਿ ਅਸੀਂ ਭਵਿੱਖ ਬਾਰੇ ਸਾਡੀ ਅਗਲੀ ਲਹਿਰ, ਸਾਡੀ ਪਾਰਟੀ ਦਾ ਭਵਿੱਖ ਅਤੇ ਆਪਣੇ ਭਵਿੱਖ ਉੱਤੇ ਵਿਚਾਰਾਂ ਕਰਨ ਲਈ ਇੱਥੇ ਇਕੱਠੇ ਹੋਏ ਹਾਂ। ਉਨ੍ਹਾਂ ਇਕੱਠ ਨੂੰ ਪੁੱਛਿਆ ਕਿ ਤੁਸੀਂ ਮੈਨੂੰ ਯਾਦ ਕਰਦੇ ਹੋ ਜਾਂ ਨਹੀਂ। ਉਨ੍ਹਾਂ ਕਿਹਾ ਕਿ ਇੱਥੇ ਮਾਸਕ ਦੀ ਲੋੜ ਨਹੀਂ। ਉਨ੍ਹਾਂ ਕਿਹਾ ਕਿ ਡੈਮੋਕ੍ਰੇਟਸ ਝੂਠ ਬੋਲ ਕੇ ਚੋਣ ਜਿੱਤੇ ਹਨ। ਉਨ੍ਹਾਂ ਕਿਹਾ ਕਿ ਹੋ ਸਕਦਾ ਹੈ ਕਿ ਮੈਂ ਤੀਜੀ ਵਾਰ ਉਨ੍ਹਾਂ ਨੂੰ ਹਰਾਉਣ ਦਾ ਫ਼ੈਸਲਾ ਕਰ ਲਵਾਂ। ਉਨ੍ਹਾਂ ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਉੱਤੇ ਵਰ੍ਹਦਿਆਂ ਕਿਹਾ ਕਿ ਨਵੀਂ ਸਰਕਾਰ ਨੌਕਰੀਆਂ ਦੀ ਵਿਰੋਧੀ, ਪਰਵਾਰ ਵਿਰੋਧੀ, ਸਰਹੱਦਾਂ ਵਿਰੋਧੀ ਤੇ ਵਿਗਿਆਪਨ ਵਿਰੋਧੀ ਹੈ। ਉਨ੍ਹਾਂ ਕਿਹਾ ਬਾਇਡਨ ਇਤਿਹਾਸ ਦਾ ਵਿਨਾਸ਼ਕਾਰੀ ਰਾਸ਼ਟਰਪਤੀ ਹੈ। ਟਰੰਪ ਨੇ ਬਾਇਡਨ ਸਰਕਾਰ ਦੀ ਨਵੀਂ ਇਮੀਗ੍ਰੇਸ਼ਨ ਨੀਤੀ ਦੀ ਆਲੋਚਨਾ ਕਰਦਿਆਂ ਕਿਹਾ ਕਿ ਇਹ ਅਮਰੀਕਾ ਦੀਆਂ ਮੁੱਢਲੀਆਂ ਕਦਰਾਂ-ਕੀਮਤਾਂ ਨਾਲ ਧੋਖਾ ਹੈ।

# ਨਿਊਯਾਰਕ ਦੇ ਗਵਰਨਰ ਨੇ ਕੁੜੀਆਂ ਨਾਲ 'ਫਲਰਟ' ਕਰਨ ਦੀ ਗੱਲ ਮੰਨੀ



ਆਲਬਨੀ, 2 ਮਾਰਚ (ਪੋਸਟ ਬਿਊਰੋ)- ਨਿਊ ਯਾਰਕ ਦੇ ਗਵਰਨਰ ਐਂਡਰਿਊ ਕਿਊਮੋ ਵੱਡੀ ਮੁਸ਼ਕਲ ਵਿੱਚ ਫਸ ਗਏ ਹਨ। ਉਨ੍ਹਾਂ ਨੇ ਪਹਿਲੀ ਵਾਰ ਖੁਦ ਉੱਤੇ ਲੱਗਦੇ ਛੇੜਖਾਨੀ ਦੇ ਦੋਸ਼ਾਂ ਨੂੰ ਸਵੀਕਾਰ ਕਰ ਲਿਆ ਹੈ।

ਕਿਊਮੋ ਨੇ ਕੱਲ੍ਹ ਇਸ ਗੱਲ ਨੂੰ ਮੰਨਿਆ ਕਿ ਉਹ ਔਰਤਾਂ ਨਾਲ 'ਫਲਰਟ' ਕਰਦੇ ਸਨ, ਜਿਸ ਦੇ 'ਗਲਤ ਮਾਇਨੇ ਕੱਢਕੇ ਉਸ ਨੂੰ ਛੇੜਖਾਨੀ ਸਮਝ' ਲਿਆ ਗਿਆ। ਕਿਊਮੋ ਨੇ ਕਿਹਾ ਕਿ ਸੈਕਸ ਸ਼ੋਸ਼ਣ ਦੇ ਕੇਸ ਵਿੱਚ ਉਨ੍ਹਾਂ ਦੇ ਖ਼ਿਲਾਫ਼ ਜਾਰੀ ਜਾਂਚ ਵਿੱਚ ਉਹ ਸਹਿਯੋਗ ਕਰਨਗੇ। ਆਪਣੀ ਪਾਰਟੀ ਵੱਲੋਂ ਵੀ ਆਲੋਚਨਾ ਝੱਲ ਰਹੇ ਡੈਮੋਕ੍ਰੇਟਿਕ ਪਾਰਟੀ ਦੇ ਨੇਤਾ ਨੇ ਇੱਕ ਬਿਆਨ ਵਿੱਚ ਕਿਹਾ ਕਿ ਉਨ੍ਹਾਂ ਨੇ ਕਦੇ ਕਿਸੇ ਨੂੰ ਗਲਤ ਤਰੀਕੇ ਨਾਲ ਨਹੀਂ ਛੂਹਿਆ ਅਤੇ ਨਾ ਹੀ ਕਦੇ ਕਿਸੇ ਨੂੰ ਸੈਕਸ ਸੰਬੰਧ ਬਣਾਉਣ ਦਾ ਪ੍ਰਸਤਾਵ ਦਿੱਤਾ, ਪਰ ਉਨ੍ਹਾਂ ਨੇ ਕਿਹਾ ਕਿ ਉਹ ਚਿੜਾਉਣ ਲਈ ਉਨ੍ਹਾਂ ਦੀ ਨਿੱਜੀ ਜ਼ਿੰਦਗੀ ਨੂੰ ਲੈ ਕੇ ਮਜ਼ਾਕ ਕਰਦੇ ਸਨ। ਉਨ੍ਹਾਂ ਨੇ ਕਿਹਾ ਕਿ ਲੋਕਾਂ ਨੇ ਉਨ੍ਹਾਂ ਦੀਆਂ ਕੁਝ ਗੱਲਾਂ ਦਾ ਗਲਤ ਮਤਲਬ ਕੱਢ ਲਿਆ ਸੀ, ਪਰ ਉਨ੍ਹਾਂ ਦਾ ਐਸਾ ਕੋਈ ਇਰਾਦਾ ਨਹੀਂ ਸੀ। ਕਿਊਮੋ ਨੇ ਕਿਹਾ ਕਿ ਮੈਨੂੰ ਸਮਝ ਵਿੱਚ ਆ ਗਿਆ ਹੈ ਕਿ ਮੇਰੀਆਂ ਕੁਝ ਗੱਲਾਂ ਅਸੰਵੇਦਨਸ਼ੀਲ ਜਾਂ ਬਹੁਤ ਨਿੱਜੀ ਸਨ ਅਤੇ ਇਸ ਲਈ ਮੇਰੀਆਂ ਕੁਝ ਟਿੱਪਣੀਆਂ ਦਾ ਲੋਕਾਂ ਨੇ ਉਹ ਮਤਲਬ ਕੱਢ ਲਿਆ, ਜੋ ਮੇਰਾ ਇਰਾਦਾ ਨਹੀਂ ਸੀ। ਮੈਂ ਇਸ ਨੂੰ ਮੰਨਦਾ ਹਾਂ ਕਿ ਮੇਰੀਆਂ ਕਹੀਆਂ ਕੁਝ ਗੱਲਾਂ ਦੇ ਗਲਤ ਮਾਇਨੇ ਕੱਢਕੇ ਉਸ ਨੂੰ ਛੇੜਖਾਨੀ ਸਮਝ ਲਿਆ ਗਿਆ। ਜੇ ਕਿਸੇ ਨੂੰ ਵੀ ਅਜਿਹਾ ਲੱਗਾ ਹੋਵੇ, ਤਾਂ ਮੈਂ ਇਸ ਦੇ ਲਈ ਮੁਆਫੀ ਚਾਹੁੰਦਾ ਹਾਂ।'

ਸੈਕਸ ਸ਼ੋਸ਼ਣ ਦੇ ਦੋਸ਼ਾਂ ਵਿੱਚ ਘਿਰੇ ਕਿਊਮੋ ਦੇ ਖ਼ਿਲਾਫ਼ ਕੱਲ੍ਹ ਉਨ੍ਹਾਂ ਦੇ ਪ੍ਰਸ਼ਾਸਨ ਦੀ ਇੱਕ ਹੋਰ ਸਾਬਕਾ ਮੁਲਾਜ਼ਮ ਸ਼ੇਲੋਰਟ ਬੇਨੇਟ ਨੇ ਸੈਕਸ ਸ਼ੋਸ਼ਣ ਦੇ ਦੋਸ਼ ਲਾਏ ਸਨ। ਇਸ ਤੋਂ ਪਹਿਲਾਂ ਕਿਊਮੋ ਦੀ ਸਾਬਕਾ ਸਹਿਯੋਗੀ ਲਿੰਡਸੀ ਬੋਇਲੈਨ ਨੇ ਉਨ੍ਹਾਂ ਉੱਤੇ ਸੈਕਸ ਸ਼ੋਸ਼ਣ ਦੋਸ਼ ਲਾਏ ਸਨ। ਨਿਊਯਾਰਕ ਦੇ ਦੋ ਅਮਰੀਕੀ ਸੀਨੇਟਰ ਚਾਰਲਸ ਸਕੰਬਰ ਅਤੇ ਕ੍ਰਿਸਟੀਨ ਗਿਲੀਬ੍ਰੈਂਡ ਦੋਨਾਂ ਨੇ ਕਿਹਾ ਕਿ ਇਸ ਦੀ ਆਜ਼ਾਦ ਜਾਂਚ ਦੀ ਲੋੜ ਹੈ। ਉਨ੍ਹਾਂ ਨੇ ਦੋਸ਼ਾਂ ਨੂੰ ਬੇਹੱਦ ਗੰਭੀਰ ਦੱਸਿਆ ਹੈ।

# ਰਾਜਸ਼ਾਹੀ ਤੋਂ ਵੱਖ ਹੋਣ ਦੀ ਪ੍ਰਕਿਰਿਆ ਬਹੁਤ ਔਖੀ ਸੀ: ਰਾਜਕੁਮਾਰ ਹੈਰੀ

ਲਾਸ ਏਂਜਲਸ, 2 ਮਾਰਚ (ਪੋਸਟ ਬਿਊਰੋ)- ਬ੍ਰਿਟੇਨ ਦੇ ਰਾਜਕੁਮਾਰ ਹੈਰੀ ਨੇ ਕਿਹਾ ਹੈ ਕਿ ਸ਼ਾਹੀ ਜੀਵਨ ਸ਼ੈਲੀ ਤੋਂ ਖ਼ੁਦ ਨੂੰ ਵੱਖ ਕਰਨ ਦੀ ਪ੍ਰਕਿਰਿਆ ਉਨ੍ਹਾਂ ਅਤੇ ਉਨ੍ਹਾਂ ਦੀ ਪਤਨੀ ਮੇਗਨ ਮਾਰਕੇਲ ਲਈ ਬਹੁਤ ਔਖੀ ਸੀ।

ਹੈਰੀ ਨੇ ਓਫਰਾ ਵਿਨਫਰੇ ਨੂੰ ਦਿੱਤੀ ਇੰਟਰਵਿਊ ਦੌਰਾਨ ਆਪਣੀ ਮਰਹੂਮ ਮਾਂ ਰਾਜਕੁਮਾਰੀ ਡਾਇਨਾ ਨੂੰ ਯਾਦ ਕੀਤਾ, ਜਿਨ੍ਹਾਂ ਨੇ ਰਾਜਕੁਮਾਰ ਚਾਰਲਸ ਨਾਲ ਤਲਾਕ ਦੇ ਬਾਅਦ ਆਪਣੇ ਲਈ ਵੱਖਰਾ ਰਸਤਾ ਚੁਣ ਲਿਆ ਸੀ। ਉਨ੍ਹਾਂ ਨੇ ਕਿਹਾ, 'ਮੇਰੇ ਲਈ ਇਹ ਬਹੁਤ ਰਾਹਤ ਅਤੇ ਖ਼ੁਸ਼ੀ ਦੀ ਗੱਲ ਹੈ, ਮੈਂ ਆਪਣੀ ਪਤਨੀ ਨਾਲ ਬੈਠ ਕੇ ਤੁਹਾਡੇ ਨਾਲ ਏਦਾਂ ਦੀ ਗੱਲ ਕਰ ਰਿਹਾ ਹਾਂ, ਕਿਉਂਕਿ ਮੈਂ ਇਸ ਦੀ ਕਲਪਨਾ ਵੀ ਨਹੀਂ ਕਰ ਸਕਦਾ ਕਿ ਉਨ੍ਹਾਂ ਦੇ (ਰਾਜਕੁਮਾਰ ਡਾਇਨਾ) ਲਈ ਉਨ੍ਹਾਂ ਸਾਲਾਂ ਵਿੱਚ ਇਸ ਪ੍ਰਕਿਰਿਆ ਤੋਂ ਇਕੱਲੇ ਲੰਘਣਾ ਕਿੰਨਾ ਮੁਸ਼ਕਲ ਰਿਹਾ ਹੋਵੇਗਾ।' ਹੈਰੀ ਨੇ ਕਿਹਾ, ''ਇਹ ਸਾਡੇ ਦੋਨਾਂ ਲਈ ਇੰਨਾ ਮੁਸ਼ਕਲ ਸੀ ਕਿ ਇਸ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ, ਪਰ ਘੱਟੋ-ਘੱਟ ਅਸੀਂ ਇੱਕ-ਦੂਸਰੇ ਦੇ ਨਾਲ ਸੀ।'' ਇਸ ਇੰਟਰਵਿਊ ਨੂੰ ਸੀ ਬੀ ਐਸ ਉੱਤੇ ਸੱਤ ਮਾਰਚ ਅਤੇ ਇਸ ਦੇ ਅਗਲੇ ਦਿਨ ਬ੍ਰਿਟੇਨ ਵਿੱਚ ਪ੍ਰਸਾਰਿਤ ਕੀਤਾ ਜਾਵੇਗਾ। ਇੰਟਰਵਿਊ ਦੀ ਇਸ ਕਲਿਪ ਵਿੱਚ ਜਦੋਂ ਹੈਰੀ ਇਹ ਟਿੱਪਣੀ ਕਰ ਰਹੇ ਹਨ ਤਾਂ ਡਾਇਨਾ ਦੀ ਹੈਰੀ ਦੇ ਨਾਲ ਫੋਟੋ ਦਿਖਾਈ ਦੇ ਰਹੀ ਹੈ, ਜਿਸ ਵਿੱਚ ਉਸ ਨੇ ਨਿੱਕੇ ਹੈਰੀ ਨੂੰ ਫੜਿਆ ਹੋਇਆ ਹੈ। ਕਾਰ ਹਾਦਸੇ ਵਿੱਚ ਗੰਭੀਰ ਜ਼ਖ਼ਮੀ ਹੋਣ ਦੇ ਕਾਰਨ 1997 ਵਿੱਚ ਡਾਇਨਾ ਦੀ ਮੌਤ ਹੋ ਗਈ ਸੀ। ਹੈਰੀ ਅਤੇ ਮੇਗਨ ਨੇ ਮਾਰਚ 2020 ਵਿੱਚ ਖ਼ੁਦ ਨੂੰ ਸ਼ਾਹੀ ਜੀਵਨ ਤੋਂ ਵੱਖ ਕਰ ਲਿਆ ਸੀ। ਬਕਿੰਘਮ ਪੈਲੇਸ ਨੇ ਕੱਲ੍ਹ ਕਿਹਾ ਸੀ ਕਿ ਹੈਰੀ ਅਤੇ ਮਰਕੇਲ ਬ੍ਰਿਟੇਨ ਦੇ ਸ਼ਾਹੀ ਪਰਵਾਰ ਦੇ ਕਾਰਜਕਾਰੀ ਮੈਂਬਰਾਂ ਦੇ ਤੌਰ ਉੱਤੇ ਵਾਪਸ ਨਹੀਂ ਆਉਣਗੇ।

# ਨਾਸਾ ਦਾ 'ਪਰਸੀਵਰੈਂਸ ਰੋਵਰ' ਭਾਰਤੀ ਮੂਲ ਦਾ ਵਿਗਿਆਨੀ ਲੰਡਨ ਦੇ ਫਲੈਟ ਤੋਂ ਚਲਾ ਰਿਹੈ



ਲੰਡਨ, 2 ਮਾਰਚ (ਪੋਸਟ ਬਿਊਰੋ)- ਅਮਰੀਕੀ ਪੁਲਾੜ ਏਜੰਸੀ ਨਾਸਾ ਨੇ ਪਿੱਛੇ ਜਿਹੇ ਆਪਣਾ ਰੋਬੋਟ ਪਰਸੀਵਰੈਂਸ ਰੋਵਰ ਆਨ ਮੰਗਲ ਲਾਂਚ ਕੀਤਾ ਹੈ। ਇਹ ਰੋਬੋਟ ਮੰਗਲ ਉੱਤੇ ਜੀਵਨ ਦੀ ਭਾਲ ਕਰੇਗਾ। ਇਸ ਦੇ ਲਈ ਨਾਸਾ ਦੇ ਸੈਂਕੜੇ ਵਿਗਿਆਨੀਆਂ ਦੀ ਟੀਮ ਦਿਨ ਰਾਤ ਕੰਮ ਕਰ ਰਹੀ ਹੈ। ਉਨ੍ਹਾਂ ਵਿੱਚੋਂ ਇੱਕ ਹੈ ਭਾਰਤੀ ਮੂਲ ਦੇ ਪ੍ਰੋਫੈਸਰ ਸੰਜੀਵ ਗੁਪਤਾ ਵੀ ਨਾਸਾ ਦੇ ਇਸ ਮਿਸ਼ਨ ਦਾ ਹਿੱਸਾ ਹਨ। ਖਾਸ ਗੱਲ ਇਹ ਹੈ ਕਿ ਉਹ ਪਰਸੀਵਰੈਂਸ ਰੋਵਰ ਨੂੰ ਨਾਸਾ ਦੇ ਮੁੱਖ ਦਫ਼ਤਰ ਤੋਂ ਨਹੀਂ, ਆਪਣੇ ਘਰ ਤੋਂ ਸੰਭਾਲ ਰਿਹਾ ਹੈ। ਇਸ ਲਈ ਉਸ ਨੇ ਦੱਖਣੀ ਲੰਡਨ ਵਿੱਚ ਇੱਕ ਬੈਡਰੂਮ ਦਾ ਫਲੈਟ ਕਿਰਾਏ ਉੱਤੇ ਲਿਆ ਹੈ। ਅਜਿਹਾ ਕੋਰੋਨਾ ਕਾਰਨ ਲਾਈ ਗਈ ਯਾਤਰਾ ਪਾਬੰਦੀ ਕਾਰਨ ਹੋਇਆ ਹੈ।

55 ਸਾਲਾ ਪ੍ਰੋਫੈਸਰ ਸੰਜੀਵ ਗੁਪਤਾ ਭਾਰਤੀ ਮੂਲ ਦੇ ਬ੍ਰਿਟਿਸ਼ ਭੂ-ਵਿਗਿਆਨੀ ਹਨ। ਉਹ ਲੰਡਨ ਇੰਪੀਰੀਅਲ ਕਾਲਜ ਵਿੱਚ ਭੂ-ਵਿਗਿਆਨ ਦੇ ਮਾਹਿਰ ਹਨ। ਉਹ ਨਾਸਾ ਦੇ ਮੰਗਲ ਦੇ ਮਿਸ਼ਨ ਨਾਲ ਜੁੜੇ ਹੋਏ ਹਨ। ਉਹ ਇਸ ਪ੍ਰੋਜੈਕਟ ਦੇ ਇੱਕ ਵਿਗਿਆਨੀ ਵੀ ਹਨ, ਜੋ 2027 ਵਿੱਚ ਮੰਗਲ ਤੋਂ ਨਮੂਨੇ ਲਿਆਉਣ ਦੀ ਮੁਹਿੰਮ ਦਾ ਹਿੱਸਾ ਹੈ। ਇਨ੍ਹਾਂ ਨਮੂਨਿਆਂ ਦੀ ਜਾਂਚ ਕਰਨ ਨਾਲ ਪਤਾ ਲੱਗ ਸਕੇਗਾ ਕਿ ਮੰਗਲ ਉਤੇ ਜੀਵਨ ਹੈ ਜਾਂ ਨਹੀਂ। ਇਸ ਲਈ ਅਗਲੇ ਸਮੇਂ ਵਿੱਚ ਪ੍ਰੋਫੈਸਰ ਸੰਜੀਵ ਗੁਪਤਾ ਅਤੇ ਉਸ ਦੇ ਸਹਿਯੋਗੀ ਵੀ ਰੋਵਰ ਲਈ ਵੀ ਮੰਗਲ ਉੱਤੇ ਕਈ ਕਾਰਜ ਨਿਰਾਧਾਰਤ ਕਰਨਗੇ। ਪ੍ਰੋਫੈਸਰ ਗੁਪਤਾ ਨੇ ਆਕਸਫੋਰਡ ਯੂਨੀਵਰਸਿਟੀ ਨਾਲ ਜੁੜੇ ਸੇਂਟ ਕਰਾਸ ਕਾਲਜ ਤੋਂ ਪੀ ਐਚ ਡੀ ਕੀਤੀ ਹੈ। ਉਹ ਕਹਿੰਦੇ ਹਨ ਕਿ ਇਸ ਮਿਸ਼ਨ ਨਾਲ 400 ਤੋਂ ਵੱਧ ਵਿਗਿਆਨੀ ਜੁੜੇ ਹੋਏ ਹਨ।

# ਮੁੰਬਈ ਦੀ ਬੱਤੀ ਗੁੱਲ ਚੀਨੀ ਹੈਕਰਾਂ ਨੇ ਕੀਤੀ ਸੀ

*** ਅਮਰੀਕੀ ਕੰਪਨੀ ਰਿਕਾਰਡਿਡ ਫਿਊਚਰ ਵੱਲੋਂ ਦਾਅਵਾ**



ਵਾਸ਼ਿੰਗਟਨ, 2 ਮਾਰਚ (ਪੋਸਟ ਬਿਊਰੋ)- ਭਾਰਤ ਅਤੇ ਚੀਨ ਤਣਾਅ ਦੌਰਾਨ ਅਮਰੀਕੀ ਕੰਪਨੀ ਨੇ ਦਾਅਵਾ ਕੀਤਾ ਹੈ ਕਿ ਪਿਛਲੇ ਸਾਲ ਕੁਝ ਘੰਟਿਆਂ ਲਈ ਅੱਧੀ ਮੁੰਬਈ ਦੀ ਬਿਜਲੀ ਬੰਦ ਹੋਣ ਪਿੱਛੇ ਚੀਨੀ ਹੈਕਰਾਂ ਦਾ ਹੱਥ ਸੀ।

'ਰਿਕਾਰਡਿਡ ਫਿਊਚਰ' ਨਾਂਅ ਦੀ ਇਸ ਕੰਪਨੀ ਨੇ ਆਪਣੇ ਤਾਜ਼ਾ ਅਧਿਐਨ ਵਿੱਚ ਕਿਹਾ ਕਿ ਚੀਨ ਸਰਕਾਰ ਨਾਲ ਜੁੜੇ ਹੈਕਰਾਂ ਦੇ ਗਰੁੱਪ ਨੇ ਮਾਲਵੇਅਰ ਰਾਹੀਂ ਭਾਰਤ ਦੇ ਬਿਜਲੀ ਗਰਿੱਡ ਨੂੰ ਨਿਸ਼ਾਨਾ ਬਣਾਇਆ ਤੇ ਇਹ ਆਨਲਾਈਨ ਘੁਸਪੈਠ ਦਾ ਨਤੀਜਾ ਸੀ। ਮੈਸੇਚਿਊਸੈਟਸ ਦੀ ਕੰਪਨੀ 'ਰਿਕਾਰਡਿਡ ਫਿਊਚਰ' ਜੋ ਵੱਖ-ਵੱਖ ਦੇਸ਼ਾਂ ਵੱਲੋਂ ਇੰਟਰਨੈਟ ਦੀ ਵਰਤੋਂ ਕਰਨ ਦਾ ਅਧਿਐਨ ਕਰਦੀ ਹੈ, ਜਿਸ ਨੇ ਆਪਣੀ ਸੱਜਰੀ ਰਿਪੋਰਟ ਵਿੱਚ ਚੀਨ ਆਧਾਰਤ 'ਰੈਡ ਈਕੋ' ਹੈਕਰਜ਼ ਗਰੁੱਪ ਵੱਲੋਂ ਭਾਰਤੀ ਊਰਜਾ ਖੇਤਰ ਨੂੰ ਨਿਸ਼ਾਨਾ ਬਣਾਏ ਜਾਣ ਲਈ ਚਲਾਈ ਮੁਹਿੰਮ ਦੀ ਰਿਪੋਰਟ ਜਾਰੀ ਕੀਤੀ ਹੈ। ਇਸ ਦਾ ਪਤਾ ਵੱਡੇ ਪੱਧਰ 'ਤੇ ਆਟੋਮੈਟਿਕ ਨੈਟਵਰਕ ਟਰੈਫਿਕ ਵਿਸ਼ਲੇਸ਼ਣ ਅਤੇ ਮਾਹਰ ਵਿਸ਼ਲੇਸ਼ਣ ਨਾਲ ਲੱਗਿਆ ਹੈ।

ਰਿਕਾਰਡਿਡ ਫਿਊਚਰ ਨੇ ਆਪਣੀ ਰਿਪੋਰਟ ਵਿੱਚ ਇਹ ਗੱਲ ਕਹੀ ਕਿ ਇਹ ਅਧਿਐਨ ਛਾਪਣ ਤੋਂ ਪਹਿਲਾਂ ਉਨ੍ਹਾਂ ਭਾਰਤ ਸਰਕਾਰ ਦੇ ਸਬੰਧਤ ਵਿਭਾਗਾਂ ਨੂੰ ਇਸ ਸ਼ੱਕੀ ਘੁਸਪੈਠ ਬਾਰੇ ਸੂਚਿਤ ਵੀ ਕੀਤਾ। ਰਿਪੋਰਟ ਮੁਤਾਬਕ ਸਾਲ 2020 ਦੇ ਮੱਧ ਤੋਂ ਐਕਸੀਓਮੈਟਿਕਾਸਿੰਪਟੋਟੇ ਨਾਂਅ ਦੇ ਇਨਫਰਾਸਟ੍ਰਕਚਰ ਦੀ ਵਰਤੋਂ 'ਚ ਯਕਦਮ ਤੇਜ਼ੀ ਦੇਖਣ ਨੂੰ ਮਿਲੀ ਸੀ। ਭਾਰਤ ਦੇ ਬਿਜਲੀ ਸੈਕਟਰ ਨੂੰ ਨਿਸ਼ਾਨਾ ਬਣਾਉਣ ਲਈ ਇਸ ਬੁਨਿਆਦੀ ਢਾਂਚੇ ਜ਼ਰੀਏ ਸ਼ੈਡੋਪੈਡ ਕਮਾਂਡ ਤੇ ਕੰਟਰੋਲ (ਸੀ 2) ਸਰਵਰਾਂ ਨੂੰ ਸ਼ਾਮਲ ਕੀਤਾ ਗਿਆ। ਭਾਰਤ ਦੇ ਅਹਿਮ ਬੁਨਿਆਦੀ ਢਾਂਚੇ ਖਿਲਾਫ ਛੇੜੀ ਇਸ ਮੁਹਿੰਮ ਲਈ ਦੇਸ਼ ਦੇ ਬਿਜਲੀ ਸੈਕਟਰ ਨਾਲ ਜੁੜੀਆਂ ਦਸ ਵੱਖੋ-ਵੱਖਰੀਆਂ ਸੰਸਥਾਵਾਂ, ਜਿਨ੍ਹਾਂ ਵਿੱਚ ਪੰਜ ਖੇਤਰੀ ਲੋਡ ਡਿਸਪੈਚ ਕੇਂਦਰਾਂ (ਜੋ ਬਿਜਲੀ) ਦੀ ਸਪਲਾਈ ਤੇ ਡਿਮਾਂਡ ਵਿੱਚ ਸੰਤੁਲਨ ਬਣਾ ਕੇ ਪਾਵਰ ਗਰਿੱਡ ਦੇ ਆਪਰੇਸ਼ਨਾਂ ਲਈ ਜ਼ਿੰਮੇਵਾਰ ਹਨ) ਉਨ੍ਹਾਂ 'ਚੋਂ ਚਾਰ ਦੀ ਨਿਸ਼ਾਨੇ ਵਜੋਂ ਪਛਾਣ ਕੀਤੀ ਗਈ ਸੀ। ਹੋਰ ਨਿਸ਼ਾਨਿਆਂ 'ਚ ਭਾਰਤ ਦੀਆਂ ਦੋ ਬੰਦਰਗਾਹਾਂ ਸ਼ਾਮਲ ਸਨ।

ਨਿਊ ਯਾਰਕ ਟਾਈਮਜ਼ ਨੇ ਇੱਕ ਰਿਪੋਰਟ ਵਿੱਚ ਕਿਹਾ ਕਿ ਇਹ ਖੁਲਾਸਾ ਕਈ ਸਵਾਲ ਖੜ੍ਹੇ ਕਰਦਾ ਹੈ। ਅਖਬਾਰ ਦੀ ਰਿਪੋਰਟ ਮੁਤਾਬਕ ਇਸ ਘੁਸਪੈਠ ਨਾਲ ਚੀਨ ਕਿਤੇ ਭਾਰਤ ਨੂੰ ਇਹ ਸੁਨ-ੇਹਾ ਤਾਂ ਨਹੀਂ ਦੇਣਾ ਚਾਹੁੰਦਾ ਕਿ ਜੇ ਭਾਰਤ ਨੇ ਆਪਣੇ ਸਰਹੱਦੀ ਦਾਅਵਿਆਂ ਨੂੰ ਧੜੱਲੇਦਾਰ ਤਰੀਕੇ ਨਾਲ ਜਾਰੀ ਰੱਖਿਆ ਤਾਂ ਕੀ ਹੋ ਸਕਦਾ ਹੈ।

ਵਰਨਣ ਯੋਗ ਹੈ ਕਿ ਪਿਛਲੇ ਸਾਲ 12 ਅਕਤੂਬਰ ਨੂੰ ਮੁੰਬਈ ਦਾ ਇੱਕ ਗਰਿੱਡ ਫੇਲ੍ਹ ਹੋਣ ਕਾਰਨ ਦੇਸ਼ ਦੀ ਵਿੱਤੀ ਰਾਜਧਾਨੀ ਦੇ ਇੱਕ ਵੱਡੇ ਹਿੱਸੇ ਦੀ ਬਿਜਲੀ ਗੁੱਲ ਹੋ ਗਈ ਸੀ। ਗਰਿੱਡ ਦੇ ਬੈਠਣ ਨਾਲ ਰੇਲ ਗੱਡੀਆਂ ਤੱਕ ਰੁਕ ਗਈਆਂ ਸਨ। ਤਕਨੀਕ ਮਾਹਰਾਂ ਨੂੰ ਬਿਜਲੀ ਬਹਾਲ ਕਰਨ ਵਿੱਚ ਦੋ ਘੰਟੇ ਦਾ ਸਮਾਂ ਲੱਗਾ ਸੀ, ਜਿਸ ਨੂੰ ਦੇਖਦਿਆਂ ਮੁੱਖ ਮੰਤਰੀ ਨੇ ਉਸ ਮੌਕੇ ਘਟਨਾ ਦੀ ਜਾਂਚ ਦੇ ਹੁਕਮ ਦਿੱਤੇ ਸਨ। ਭਾਰਤ ਸਰਕਾਰ ਨੇ ਭਾਵੇਂ ਹਾਲ ਦੀ ਘੜੀ ਅਮਰੀਕੀ ਕੰਪਨੀ ਦੇ ਇਸ ਅਧਿਐਨ ਬਾਰੇ ਕੋਈ ਪ੍ਰਤੀਕਰਮ ਨਹੀਂ ਦਿੱਤਾ, ਪਰ ਚੀਨੀ ਵਿਦੇਸ਼ ਮੰਤਰਾਲੇ ਦੇ ਤਰਜਮਾਨ ਵਾਂਗ ਵੈਨਬਿਨ ਨੇ ਕੱਲ੍ਹ ਇੱਕ ਬਿਆਨ ਵਿੱਚ ਭਾਰਤੀ ਬਿਜਲੀ ਗਰਿੱਡ ਦੀ ਹੈਕਿੰਗ ਵਿੱਚ ਚੀਨ ਦੀ ਸ਼ਮੂਲੀਅਤ ਦੇ ਖਦਸ਼ੇ ਦੀ ਆਲੋਚਨਾ ਕਰਦਿਆਂ ਇਸ ਨੂੰ ਗੈਰ ਜ਼ਿੰਮੇਵਾਰਾਨਾ ਅਤੇ ਗੈਰ ਇਰਾਦਤਨ ਤੇ ਬਿਨਾਂ ਸਬੂਤਾਂ ਦੀ ਕਾਰਵਾਈ ਦੱਸਿਆ ਹੈ।






















## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)




## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰ਼:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੇ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜ਼ਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

